
ਕੁਕਨੂਸ
ਚਰਨ ਸਿੰਘ

# ਕੁਕਨੂਸ
( ਕਾਵਿ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Kuknoos

*(A Collection of Poems )*

By : CHARAN SINGH
8771-143 STREET
SURREY, B.C. V3W4G4
CANADA
Ph. : 778-564-0331
Email : virdycharan@gmail.com

©

Edition : 2016

Price : Rs. 100/-

Title Designed by : Harpreet Singh

**Published by :**
Punjab Book Centre
Sector 22, Chandigarh
Tel. : 0172-2701952, 27855056

---

**ਕੁਕਨੂਸ** (ਕਾਵਿ ਸੰਗ੍ਰਹਿ), ਸ਼ਾਇਰ : **ਚਰਨ ਸਿੰਘ**
**ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ**
**ਛਾਪਕ** : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਚਰਨ ਸਿੰਘ ਦਾ ਜੀਵਨ–ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### <u>ਛਪਾਈ ਅਧੀਨ ਪੁਸਤਕਾਂ</u>

(1) ਮਹਿਮਾ (ਕਾਵਿ–ਸੰਗ੍ਰਹਿ)
(2) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਲੋਕ ਟੱਪੇ)
(4) ਹੰਝੂਆਂ ਦੇ ਦਰਿਆ (ਪ੍ਰਗੀਤਕ–ਕਾਵਿ)
(5) ਛੁੱਪ ਗਏ ਤਾਰੇ (ਪ੍ਰਗੀਤਕ–ਕਾਵਿ)
(6) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(12) ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
(13) ਕਿਵ ਸੱਚਿਆਰਾ ਹੋਈਐ (ਕਾਵਿ–ਨਾਟਕ)
(14) ਆਧੁਨਿਕਤਾ ਦਾ ਮੁੱਢ ਤੇ ਵਿਕਾਸ (ਵਾਰਤਕ)

## ਵਿਸ਼ਵ ਸ਼ਾਂਤੀ ਨੂੰ ਸਮੱਰਪਿਤ

**ਇਸੇ ਕਲਮ ਤੋਂ**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੋ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਂਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012

* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014
* ਚਰਨ ਸਿੰਘ ਕਾਵਿ ਬਾਰੇ ਆਲੋਚਨਾਤਮਕ ਅਧਿਅਨ
* ਚਰਨ ਸਿੰਘ ਦਾ ਕਾਵਿ ਲੋਕ - ਪ੍ਰੋ. ਬ੍ਰਹਮ ਜਗਦੀਸ਼ ਸਿੰਘ
* ਚਰਨ ਸਿੰਘ ਕਾਵਿ - ਪ੍ਰੋ. ਬ੍ਰਹਮ ਜਗਦੀਸ਼ ਸਿੰਘ
* Beyond the horizon (Poetry in English) Tanslator : Krishan Bector
* ਨੀਲਾ ਆਸਮਾਂ (ਕਾਵਿ-ਸੰਗ੍ਰਹਿ)-2016
* ਬਾਹਰੋਂ ਆਇਆ ਆਦਮੀ-2016
* ਤੀਸਰੀ ਅੱਖ-2016
* ਮਿੱਟੀ 'ਚ ਉੱਕਰ ਅੱਖ਼ਰ-2016
* ਸ਼ੂਨਯ-ਬੋਧ-2016
* ਕੁਕਨੂਸ (ਕਾਵਿ-ਸੰਗ੍ਰਹਿ)-2016

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਸੱਚ ਦੀ ਕਸ਼ਿਸ਼
2. ਇਕ ਤੂੰ ਸੱਚ ਹੈਂ
3. ਜੇ ਵਿਸਰੇ
4. ਸਿਰ
5. ਪੈਰ ਅਪੈਰ
6. ਜੰਡ ਦਾ ਸੱਚ
7. ਰੰਕ ਬਾਦਸ਼ਾਹ
8. ਮੈਂ ਤੇ ਘਰ
9. ਰੁੱਖ ਤੇ ਮਨੁੱਖ
10. ਬੂੰਦ ਤੇ ਸੁਰੱਖ਼ਸ਼ਾ
11. ਰੁੱਖ ਦਾ ਵਿਚਰਨ ਦੁਖਾਂਤ
12. ਦਿਲ ਦਾ ਮੁਕਾਮ
13. ਗੀਤ ਲਿਖਾਂ
14. ਸੁੱਕੇ ਪੱਤੇ ਦਾ ਅੰਤਰੀਵ
15. ਮਿੱਟੀ ਦੀ ਢੇਰੀ ਤੋਂ ਪਰਾਂ
16. ਐਸੀਆਂ ਘੜੀਆਂ
17. ਐ ਮੇਰੇ ਮਹਿਬੂਬ
18. ਤੂੰ.
19. ਤੇਰਾ ਪਾਉਂਣਾ
20. ਬੱਦਲ ਤੇ ਬੰਦਾ

21. ਪਿੰਜਰੇ ਦਾ ਪੰਛੀ
22. ਸ਼ਹਿਜ਼ਾਦੀ
23. ਜੀਅ ਰਿਹਾ ਹੈ
24. ਮਹਿਮਾਂ
25. ਦੁੱਖ ਹੁੰਦਾ ਹੈ
26. ਤੇਰੀ ਜਫ਼ਾ
27. ਮਨਫ਼ੀ ਸਮਾਂ
28. ਵਿਦਿਆਵੰਤੀ
29. ਸਹਿਰਾ ਦਾ ਸਫ਼ਰ
30. ਸਮੁੰਦਰੋਂ ਪਾਰ
31. ਮਸਾਣਾਂ ਦਾ ਬਾਬਾ
32. ਅੱਥਰੂ ਤੇ ਸਮੁੰਦਰ
33. ਅਧਰਮ ਯੁੱਧ

## ਸੱਚ ਦੀ ਕਸ਼ਿਸ਼

ਮੈਨੂੰ ਭੁੱਖ ਹੈ
ਤੇਰੀ ਕਸ਼ਿਸ਼
ਤੇਰੇ ਸੱਚੇ ਜਲਾਲ ਦੀ
ਤੇਰੀ ਮਹਿਕ
ਤੇਰੇ ਹੁਸਨ ਆਫ਼ਤਾਬ ਦੀ

-0-

ਤੇਰੀ ਭੁੱਖ ਨੇ
ਮੈਨੂੰ ਧੋਇਆ ਨਿੱਚੋੜਿਆ
ਸੁੱਕਾਇਆ
ਆਪਣੀ ਮਹਿਕ ਦੇ ਮਗਰ ਲਾਇਆ

-0-

ਮੈਂ ਆਪਣੇ ਖੋਲ ਚੋਂ ਨਿਕਲਿਆ
ਕਸ਼ਿਸ਼ ਦਾ ਹੋ ਤੁਰਿਆ
ਜਿਉਂ ਜਿਉਂ ਮੇਰੀ ਭੁੱਖ ਮਿੱਟੀ
ਕਸ਼ਿਸ਼ ਦੇ ਸੂਰਜ
ਮੇਰੇ ਅੰਦਰ ਚਾਨਣ ਕਰ ਦਿੱਤਾ
ਮੇਰਾ ਮੈਲਾ ਉਤਾਰਿਆ
ਮੇਰੀ ਤਲੀ ਤੇ
ਮੇਰਾ ਸੱਚ ਧਰ ਦਿੱਤਾ

-0-

ਮੇਰਾ ਕੂੜ ਹਨ੍ਹੇਰ ਵਾਸ਼ਨਾਂ
ਸਭ ਪਿੱਛੇ ਰਹਿ ਗਏ
ਮੈਂ ਸੱਚ ਦੇ ਰਾਹ ਤੇ ਪੈ ਗਿਆ
ਮੇਰੀ ਚੁੱਪ ਇਕੱਲਤਾ

ਵੀਰਾਨੀ ਉਦਾਸੀ
ਮੇਰੇ ਚੋਂ ਬਣਵਾਸੀ ਹੋ ਗਈਆਂ
ਮੇਰੇ ਵਿਹੜੇ
ਰੰਗ ਫੁੱਲ ਕਲੀਆਂ ਖੁਸ਼ਬੂਆਂ
ਮੌਸਮ ਬਹਾਰਾਂ ਰੁੱਤਾਂ ਆ ਗਈਆਂ

-0-

ਮੈਂ ਤੇਰੀਆਂ ਖੂਬੀਆਂ ਦਾ
ਇਕ ਬੁੱਤ ਬਣਾਇਆ
ਦਿਲ ਦੇ ਮੰਦਿਰ 'ਚ ਸਜਾਇਆ
ਸੱਚ ਸੁੰਦਰਤਾ ਦਾ
ਸਬਰ ਸੰਤੋਖ਼ ਦਾ ਅਰਘਾ
ਉਸ ਬੁੱਤ ਨੂੰ ਚੜ੍ਹਾਇਆ
ਤੈਨੂੰ ਸਿਮਰਿਆ ਪੂਜਿਆ
ਧਿਆਇਆ
ਤੇਰੇ ਚੋਂ
ਆਪਾ ਨਜ਼ਰ ਆਇਆ

-0-

ਤੇਰੀ ਖਿੱਚ ਨੇ
ਮੈਨੂੰ ਸੱਚ ਜਿਉਣਾ ਸਿੱਖਾ ਦਿੱਤਾ
ਇਕ ਮਿੱਟੀ ਦੇ ਦੀਵੇ ਨੂੰ
ਸੂਰਜ ਬਣਾ ਦਿੱਤਾ
ਬੂੰਦ ਨੂੰ ਸਾਗਰ
ਜ਼ਰੇ ਨੂੰ ਅੰਬਰੀਂ ਬਿਠਾ ਦਿੱਤਾ
ਚਿਹਰੇ ਨੂੰ ਦਰਪਣ
ਦਰਪਣ ਨੂੰ ਚਿਹਰਾ ਵਿਖਾ ਦਿੱਤਾ

-----

## ਇਕ ਤੂੰ ਸੱਚ ਹੈਂ

ਝੂਠਾ ਹੈ ਜਗਤ ਸਾਰਾ
ਸਿਰਫ਼ ਇਕ ਤੂੰ ਸੱਚ ਹੈਂ
ਤੇਰੇ ਸੱਚ ਨੇ ਮੇਰੇ ਦੁਆਲੇ
ਨੂਰ ਦੀ ਚਾਦਰ ਉਸਾਰੀ ਹੈ
ਕਿ ਮੇਰੀ ਦੇਹ 'ਚ
ਵਿਸ਼ਵ ਦੀ ਜੋਤੀ ਉਤਾਰੀ ਹੈ

-0-

ਉਹ ਕੰਵਲ ਨੈਣਾਂ
ਸੁਰਖ਼ ਹੋਠਾਂ ਵਾਲਿਆ
ਸਾਂਵਲਿਆ ਰੰਗ ਦਿਆ
ਸ਼ੀਸ਼ੇ ਦੇ ਦਿਲ ਵਾਲਿਆ
ਤੇਰਿਆਂ ਕੁੰਡਲਾਂ 'ਚ
ਬੇਅੰਤ ਸੂਰਜਾਂ ਚੰਨਾਂ
ਤਾਰਿਆਂ ਦੇ ਮੰਡਲ ਪਤਾਲ ਨੇ
ਮੁੱਖ ਤੇ ਤੇਰੇ
ਕਰੋੜਾਂ ਸੂਰਜਾਂ ਦੇ ਤੇਜ਼ ਨੇ ਜਲਾਲ ਨੇ
ਤੇਰਿਆਂ ਪੈਰਾਂ ਦੀ ਸੀਮਾਂ ਨਹੀਂ
ਤੇਰੀਆਂ ਨਜ਼ਰਾਂ 'ਚ
ਲੱਖਾਂ ਧਰਤੀਆਂ ਅਕਾਸ਼ ਨੇ
ਤੇਰੀ ਤੋਰ 'ਚ
ਦਿਸ਼ਾਵਾਂ ਦਾ ਅੰਤ ਨਹੀਂ
ਤੇਰੀਆਂ ਮੁਸਕਾਣਾਂ
ਰੁੱਤਾਂ ਮੌਸਮ ਬਹਾਰਾਂ ਨੇ

-0-

ਤੈਨੂੰ ਪੱਥਰ ਵੀ
ਫੁੱਲ ਵੀ ਪਿਆਰਾ ਹੈ
ਤੂੰ ਜਲ ਵੀ ਹੈਂ ਆਪ
ਆਪੇ ਹੀ ਕਿਨਾਰਾ ਹੈਂ
ਤੂੰ ਸੀਤ ਰੁੱਤ ਦੇ ਸੀਨੇ 'ਚ
ਮੱਘਦਾ ਅੰਗਾਰਾ ਹੈਂ
ਤੂੰ ਜੜ੍ਹ ਜੰਗਲ ਦੀ
ਰੁੱਖਾਂ ਦਾ ਸਹਾਰਾ ਹੈਂ

–0–

ਤੂੰ ਤੱਪ ਸਮਾਧੀ
ਸਿਮਰਨ ਰਿਸ਼ੀਆਂ ਮੁਨੀਆਂ ਦਾ
ਤੂੰ ਫੱਲ ਵੀ ਆਪੇ
ਤੂੰ ਕਰਮ ਵੀ ਆਪੇ
ਤੂੰ ਪੁੰਨ ਪਾਪ ਧਰਮ ਵੀ ਆਪੇਂ
ਤੂੰ ਜਗਤ ਦਾ ਸਿਰਜਕ
ਬਿਨਸਨਹਾਰ ਵੀ ਆਪੇ
ਤੂੰ ਮੋਕਸ਼ਾ ਦਾ ਸੱਚ
ਤੇ ਦੁਆਰ ਵੀ ਆਪੇ
ਤੂੰ ਮੁਜੱਸਮਾ ਸੱਚ ਦਾ
ਸੁੰਦਰਤਾ ਦਾ ਵਿਧਾਤਾ ਹੈਂ
ਤੂੰ ਰਹਿਮਤਾਂ ਨਿਹਮਤਾਂ ਦਾ
ਖ਼ਜ਼ਾਨਾ ਹੈ

–0–

ਸਾਰੀ ਸ੍ਰਿਸ਼ਟੀ ਦਾ ਵਜ਼ੂਦ
ਤੇਰੇ ਚਰਨਾਂ ਦੀ ਧੂੜ ਹੈ
ਸਾਰੇ ਬ੍ਰਹਿਮੰਡ ਦਾ ਤੇਜ਼
ਤੇਰੇ ਨੂਰ ਦੀ ਇਕ ਬੂੰਦ ਹੈ
ਸਮੂਹਕ ਜੀਵ ਜੰਤੂਆਂ
ਤੇ ਦੁਨੀਆਂ ਦਾ ਕਲਿਆਣ
ਤੇਰਾ ਇਕ ਇਸ਼ਾਰਾ ਹੈ
ਤੇਰੇ ਕਰਮ ਸਦਕਾ ਹੀ
ਕੋਈ ਤੇਰਾ ਦੀਦਾਰ ਪਾਉਂਦਾ ਹੈ
ਜੋ ਸਿਰ ਤੋਂ ਪੈਰਾਂ ਤੀਕ
ਹੋ ਗਿਆ ਤੇਰਾ
ਤੂੰ ਉਸ ਦਾ ਕਹਾਉਂਦਾ ਹੈਂ

-0-

ਤੇਰੀ ਵਡਿਆਈ ਹੈ
ਇਹ ਜਾਣਦੇ ਵੀ
ਮੈਂ ਬੜਾ ਨੀਵਾਂ
ਹਸਤੀ ਰਹਿਤ ਮਿੱਟੀ ਦਾ ਜ਼ਰਾ ਹਾਂ
ਉਠਾ ਕੇ ਧਰਤ ਤੋਂ
ਜਿਸ ਨੂੰ ਤੂੰ ਸੀਨੇ ਨਾਲ ਲਾਇਆ ਹੈ
ਮੇਰਾ ਹੋ ਗਿਉਂ ਤੂੰ
ਮੈਨੂੰ ਦਿਲ 'ਚ ਵਸਾਇਆ ਹੈ

-0-

ਝੂਠਾ ਹੈ ਜਗਤ ਸਾਰਾ
ਸਿਰਫ਼ ਇਕ ਤੂੰ ਸੱਚ ਹੈਂ
ਤੇਰੇ ਸੱਚ ਨੇ ਮੇਰੇ ਦੁਆਲੇ
ਨੂਰ ਦੀ ਚਾਦਰ ਉਸਾਰੀ ਹੈ
ਕਿ ਮੇਰੀ ਦੇਹ 'ਚ
ਵਿਸ਼ਵ ਦੀ ਜੋਤੀ ਉਤਾਰੀ ਹੈ

-----

## ਜੇ ਵਿਸਰੇ

ਜੀਅ ਕਰਦਾ ਹੈ
ਤੇਰਾ ਹੋ ਜਾਵਾਂ
ਘੁੱਟ ਘੁੱਟ ਕਰਕੇ ਤੈਨੂੰ ਪੀਵਾਂ
ਉਤਰਾਂ ਤੇਰੇ ਨੈਣਾਂ ਦੇ ਵਿਚ
ਦਿਲ ਦੀ ਧੜਕਣ ਬਣ ਕੇ ਜੀਵਾਂ
ਤੇਰੇ ਲਹੂ 'ਚ ਤੁਰਦਾ ਤੁਰਦਾ
ਤੇਰੀ ਨਸ ਨਸ ਵਿਚ ਘੁਲ ਜਾਵਾਂ
ਤੇਰੇ ਹੰਝੂਆਂ ਦਾ ਜਲ ਬਣ ਕੇ
ਪੀੜਾਂ ਦੇ ਗਿਰਾਂ ਵਰ੍ਹ ਜਾਵਾਂ

–0–

ਮਹਿਕ
ਤੇਰੇ ਹਾਸੇ ਦੀ ਬਣ ਕੇ
ਚੌਹ ਦਿਸ਼ਾਵੀਂ ਖ਼ਿਲਰ ਜਾਵਾਂ
ਤੇਰੇ ਸਾਹ ਹੋ ਕੇ ਵਿਚਰਾਂ
ਤੇਰੀ ਰਸਨਾਂ ਦਾ ਰਸ ਪੀਵਾਂ
ਸ਼ਬਦ ਤੇਰੇ ਦਾ ਅਰਥ ਹੋ ਜੀਵਾਂ
ਕੰਠ ਤੇਰੇ ਦਾ ਬੋਲ ਕਹਾਵਾਂ
ਸਦਾ ਸਿਮਰਦਾ ਰਹਾਂ ਮੈਂ ਤੈਨੂੰ
ਸਦਾ ਹੀ ਸੁਰਤੀ ਵਿਚ ਵਸਾਵਾਂ
ਧਿਆਨ ਧਰਾਂ ਤੇਰੇ ਮੁਖੜੇ ਦਾ
ਸਵਾਸ ਗਰਾਸ ਧਿਆਵਾਂ
ਹੋਵਾਂ ਦ੍ਰਿਸ਼ਟੀ ਨਜ਼ਰ ਤੇਰੀ ਦੀ
ਤੇਰਾ ਨਿੱਘ ਹੰਢਾਵਾਂ

ਜੇ ਤੂੰ ਵਿਸਰੇ ਇਕ ਪਲ ਸਾਈਆਂ
ਮੈਂ ਜਿਉਂਦੇ ਜੀਅ ਮਰ ਜਾਵਾਂ

-0-

ਤੇਰੀ ਸੋਚ ਤੋਂ ਮੈਂ ਵਾਰੀ
ਸੱਚ ਸੁੰਦਰਤਾ ਹੋਂਦ ਤੁਹਾਰੀ
ਤੇਰੇ ਰੰਗ 'ਚ ਰੰਗੀ
ਕੁਦਰਤ ਦੀ ਫੁੱਲਕਾਰੀ
ਤੇਰੀ ਤਕਸੀਮ
ਤੇਰੀ ਹੀ ਇਕਾਈ
ਜਮ੍ਹਾਂ ਤਕਸੀਮ ਵਿਚ ਸਮਾਈ
ਆਪਣੀ ਸਰਵਵਿਆਪਕਤਾ ਵਿਚ
ਆਪ ਸਮਾਇਆ
ਹਰ ਜ਼ਰੇ ਜ਼ਰੇ ਚੋਂ
ਤੇਰਾ ਚਿਹਰਾ ਨਜ਼ਰੀਂ ਆਇਆ

-0-

ਜਿਸ ਥਾਂ ਪੈਰ ਧਰੇਂ ਤੂੰ ਸਾਈਆਂ
ਨੈਣਾਂ ਦੇ ਦੀਪ ਜਗਾਵਾਂ
ਤੇਰੀ ਦ੍ਰਿਸ਼ਟੀ
ਤੇਰੀ ਸ੍ਰਿਸ਼ਟੀ
ਤੇਰੀ ਜੋਤ ਦੀ ਨਜ਼ਰ ਹੋ ਜਾਵਾਂ
ਤੇਰੇ ਪੈਰਾਂ ਦੀ ਮਿੱਟੀ ਹੋ
ਚੰਨ ਚੜ੍ਹਿਆ
ਮਨ ਅੰਬਰੀਂ ਪਾਵਾਂ
ਜੇ ਤੂੰ ਵਿਸਰੇਂ ਇਕ ਪਲ ਸਾਈਆਂ
ਮੈਂ ਜਿਉਂਦੇ ਜੀਅ ਮਰ ਜਾਵਾਂ

-0-

ਤੇਰੀ ਰਜ਼ਾ 'ਚ
ਮਰਾਂ ਜੀਵਾਂ ਮੈਂ
ਤੇਰਾ ਚਾਕਰ ਸਦਾ ਰਹਾਂ ਮੈਂ
ਤੇਰੇ ਇਕ ਇਸ਼ਾਰੇ ਤੇ
ਕਲਮ ਕਰਾਂ ਸਿਰ ਆਪਣਾ
ਤੇਰੇ ਇਕ ਇਸ਼ਾਰੇ ਤੇ
ਮੈਂ ਕਬਰਾਂ ਚੋਂ ਉੱਠ ਆਵਾਂ
ਮੌਤੋਂ ਬਾਅਦ ਵੀ ਜੇ ਵਿਸਰੇਂ
ਜਨਮੋਂ ਪਹਿਲਾਂ ਹੀ ਮਰ ਜਾਵਾਂ

-0-

ਜੀਅ ਕਰਦਾ ਹੈ
ਤੇਰਾ ਹੋ ਜਾਵਾਂ
ਘੁਟ ਘੁੱਟ ਕਰਕੇ ਤੈਨੂੰ ਪੀਵਾਂ
ਉਤਰਾਂ ਤੇਰੇ ਨੈਣਾਂ ਦੇ ਵਿਚ
ਦਿਲ ਦੀ ਧੜਕਣ ਬਣ ਕੇ ਜੀਵਾਂ
ਤੇਰੇ ਲਹੂ 'ਚ ਤੁਰਦਾ ਤੁਰਦਾ
ਤੇਰੀ ਨਸ ਨਸ ਵਿਚ ਘੁਲ ਜਾਵਾਂ
ਤੇਰੇ ਹੰਝੂਆਂ ਦਾ ਜਲ ਬਣ ਕੇ
ਪੀੜਾਂ ਦੇ ਗਿਰਾਂ ਵਰ੍ਹ ਜਾਵਾਂ

-----

# ਸਿਰ

ਮੈਂ ਤੇਰੇ ਕਿਲ੍ਹੇ 'ਚ
ਆ ਗਿਆ ਹਾਂ
ਇਹ ਨਾ ਸਮਝੀਂ
ਮੈਂ ਇਕੱਲਾ ਹਾਂ
ਮੇਰੀ ਤਲੀ ਤੇ ਧਰਿਆ
ਮੇਰਾ ਸਿਰ ਮੇਰੇ ਨਾਲ ਹੈ

-0-

ਮੇਰੀ ਤਲਵਾਰ ਵਿਚ ਜੀਅ ਰਹੇ
ਬੇਸ਼ੁਮਾਰ ਸਿਰ ਹਨ
ਮੇਰਾ ਤੇਰੇ ਦੁਆਰ ਤੇ ਆਉਣਾ ਹੀ
ਤੇਰੀ ਸ਼ਿਕੱਸਤ ਹੈ
ਤਲੀ ਤੇ ਮੇਰਾ ਸਿਰ ਹੀ
ਮੇਰੀ ਫ਼ਤਹਿ ਹੈ

-0-

ਯੋਧੇ ਮੈਦਾਨੇ ਜੰਗ 'ਚ
ਉਤਰਨ ਤੋਂ ਪਹਿਲਾਂ
ਸਿਰ ਤਲੀ 'ਤੇ ਧਰਦੇ ਹਨ
ਮੈਦਾਨੇ ਜੰਗ ਚੋਂ
ਸਿਰ ਨਹੀਂ ਧੜ ਪਰਤਦੇ ਹਨ
ਸਿਰ ਤਾਂ ਯੋਧੇ ਦਾ ਹਥਿਆਰ ਹੈ
ਤਲਵਾਰ ਹੀ ਸਿਰ ਹੈ
ਸਿਰ ਹੀ ਤਲਵਾਰ ਹੈ

-0-

ਤੂੰ ਆਪਣਾ ਸਿਰ
ਘਰ ਭੁੱਲ ਆਇਆ ਹੈਂ
ਸਿਰ ਬਿਨਾਂ
ਯੁੱਧ ਦਾ ਕੋਈ ਮਕਸਦ ਨਹੀਂ
ਤਲਵਾਰ ਦੀ ਕੋਈ ਹਸਰਤ ਨਹੀਂ
ਮੈਦਾਨੇ ਜੰਗ 'ਚ
ਸ਼ਿਕੱਸਤ ਜਾਂ ਵਿਜੈ ਦਾ ਫ਼ੈਸਲਾ
ਸਿਰ ਕਰਦੇ ਹਨ
ਸਿਰ ਹੀ
ਮੈਦਾਨੇ ਜੰਗ 'ਚ ਕੱਟਦੇ ਹਨ
ਸਿਰ ਹੀ
ਮੈਦਾਨੇ ਜੰਗ ਚੋਂ ਪੁੰਗਰਦੇ ਹਨ

-0-

ਤੇਰੇ ਸੰਗ ਤਲਵਾਰਾਂ ਹਨ
ਹਾਥੀ ਘੋੜੇ ਰੱਥ ਸੈਨਿਕ ਹਨ
ਪਰ ਸਿਰ ਨਹੀਂ
ਸਿਰਾਂ ਬਿਨਾਂ
ਕੋਈ ਵੀ ਜੰਗ ਲੜਿਆ
ਜਾ ਨਹੀਂ ਸਕਦਾ
ਕੋਈ ਵੀ ਫ਼ਤਹਿ ਪਾ ਨਹੀਂ ਸਕਦਾ

-0-

ਸਿਰਾਂ ਬਿਨਾਂ
ਹਾਥੀ ਘੋੜੇ ਰੱਥ
ਆਪਣੀ ਹੀ ਸੈਨਾ ਲਿਤਾੜਦੇ ਹਨ
ਜੰਗ ਤੋਂ ਬਿਨਾਂ ਹੀ ਹਾਰਦੇ ਹਨ

-0-

ਮਕਸਦ ਬਿਨਾਂ ਯੁੱਧ
ਆਪਣੇ ਆਪ ਨੂੰ ਬੰਦੀ ਬਣਾਉਂਦਾ ਹੈ
ਆਪਣੀ ਹਾਰ ਨੂੰ
ਸੀਨੇ ਨਾਲ ਲਾਉਂਦਾ ਹੈ
ਕਿਉਂਕਿ ਯੋਧੇ ਦਾ
ਇਕ ਹੱਥ ਤਲਵਾਰ ਤੇ
ਦੂਜੇ ਹੱਥ ਦੀ ਤਲੀ 'ਤੇ
ਆਪਣਾ ਸਿਰ ਉਤਾਰਿਆ ਹੁੰਦਾ ਹੈ
ਦੁਸ਼ਮਣ ਦੀ ਤਲਵਾਰ ਦਾ ਸਿਰ ਉਤਾਰਨ ਦਾ ਪ੍ਰਯੋਜਨ
ਮਾਰਿਆ ਹੁੰਦਾ ਹੈ
ਯੁੱਧ ਦੇ ਪ੍ਰਯੋਜਨ ਬਿਨਾਂ
ਯੁੱਧ ਦਾ ਅਹਿਸਾਸ ਨਹੀਂ ਹੁੰਦਾ
ਅਹਿਸਾਸ ਬਿਨਾਂ
ਸਿਰ ਤਲੀ ਤੇ ਧਰਿਆ ਜਾ ਨਹੀਂ ਸਕਦਾ
ਜ਼ਿੰਦਗੀ ਦਾ
ਕੋਈ ਵੀ ਯੁੱਧ ਲੜਿਆ ਜਾ ਨਹੀਂ ਸਕਦਾ

-0-

ਮੈਂ ਤੇਰੇ ਕਿਲ੍ਹੇ 'ਚ
ਆ ਗਿਆ ਹਾਂ
ਇਹ ਨਾ ਸਮਝੀਂ
ਮੈਂ ਇਕੱਲਾ ਹਾਂ
ਮੇਰੀ ਤਲੀ ਤੇ ਧਰਿਆ
ਮੇਰਾ ਸਿਰ ਮੇਰੇ ਨਾਲ ਹੈ

------

# ਪੈਰ ਅਪੈਰ

ਅਸੀਂ
ਆਪੇ ਤੋਂ ਅਗੇਰੇ ਤੁਰਦੇ ਰਹੇ
ਬੁੱਤ ਦੇ ਸੰਕਲਪ 'ਚ
ਆਪਣੀ ਮਿੱਟੀ 'ਚ ਹੀ ਖ਼ੁਰਦੇ ਰਹੇ
ਆਪਣੇ ਕਲਾਵੇ ਭਰਦੇ
ਆਪਣੀ ਪ੍ਰਕਰਮਾਂ ਕਰਦੇ
ਜ਼ਿੰਦਗੀ ਦਾ ਕੂੜ ਚਿੱਥਦੇ
ਮਰਦੇ ਰਹੇ ਜਿਉਂਦੇ ਰਹੇ

-0-

ਵਰਤਮਾਨ ਤਲੀ 'ਤੇ ਜਗਾ
ਬੀਤੇ ਲਈ
ਦ੍ਰਿਸ਼ਟੀ ਪਹਿਰੇ ਬਿਠਾ
ਭਵਿੱਖ 'ਚ ਮੱਚਣ ਲਈ
ਧੁੱਖਦੇ ਰਹੇ
ਔੜਾਂ 'ਚ ਭਿੱਜਦੇ ਰਹੇ
ਬਰਸਾਤਾਂ 'ਚ ਸੁੱਕਦੇ ਰਹੇ

-0-

ਜ਼ਖ਼ਮਾਂ ਦਾ ਚਾਨਣ
ਹੈ ਅਜ਼ਬ ਚਾਨਣ
ਮਸਤਕ 'ਚ ਦੀਵੇ ਵਾਂਗ ਜਗਦਾ ਰਿਹਾ
ਡੀਕ ਕੇ ਕੌੜੇ ਸਮੁੰਦਰ ਗ਼ਮਾਂ ਦੇ
ਮੌਤ ਦੀ ਸਰਦਲ ਤਕ ਹੱਸਦਾ ਗਿਆ

ਦੇਹ ਦੀਆਂ ਖੂਹੀਆਂ ਲਈ
ਸੁੱਕਦਾ ਰਿਹਾ
ਨੈਣਾਂ ਦੀਆਂ ਲੱਜਾਂ ਲਈ
ਟੁੱਟਦਾ ਰਿਹਾ

-0-

ਮੱਥਾ ਸੀ ਸੂਰਜ
ਸੀ ਦੇਹ ਚੰਦਰਮਾ
ਆਪਣੇ ਹੀ ਪੈਰ ਸਨ ਮੰਜ਼ਿਲਾਂ
ਆਪਣੇ ਹੀ ਵਿਰੋਧ ਚੋਂ ਸੀ ਜਨਮਨਾਂ
ਆਪ ਹੀ
ਆਪਣੇ ਵਿਸਥਾਰ ਨੂੰ ਸੀ ਸਿਰਜਣਾ

-0-

ਸੱਚ ਹੈ
ਮੱਥੇ ਦੀ ਲੋਅ ਤੋਂ
ਕਦ ਪ੍ਰਛਾਵੇਂ ਦਾ ਨਾਂ ਕੱਢਿਆ ਗਿਆ
ਆਪਣੀ ਹੀ ਦੇਹ ਦਾ ਸੱਚ
ਨਾ ਦੇਹ ਨੂੰ ਦੱਸਿਆ ਗਿਆ.
ਆਪਣੀ.ਹੀ ਮੁੱਠ ਚੋਂ
ਰੇਤ ਵਾਂਗ ਕਿਰਦੇ ਰਹੇ
ਬਣ ਕੇ ਮਸੀਹਾ ਸੂਲੀਆਂ ਚੁੰਮਦੇ ਰਹੇ
ਪਾਣੀਆਂ ਦੀ ਹਿੱਕ ਤੇ ਭੁਰਦੇ ਰਹੇ
ਬਿੰਦੂਆਂ ਨੂੰ ਮੇਟ ਕੇ
ਸਿਰਜਦੇ ਦਾਇਰੇ ਰਹੇ

-----

# ਜੰਡ ਦਾ ਸੱਚ

ਮਿਰਜ਼ਾ
ਆਪਣਾ ਸਭ ਕੁੱਝ ਤਿਆਗ
ਘੋੜੀ ਤੇ ਆਇਆ
ਸਾਹਿਬਾਂ ਨੂੰ
ਉਸ ਘੋੜੀ ਤੇ
ਆਪਣੇ ਪਿੱਛੇ ਬਿਠਾਇਆ
ਤੇ ਲੈ ਗਿਆ
ਹਨ੍ਹੇਰ ਤੋਂ ਸੂਰਜਾਂ ਦੇ ਦਰ
ਭਰਮ ਤੋਂ ਸੱਚ ਦੇ ਘਰ

-0-

ਮਿਰਜ਼ਾ ਸਾਹਿਬਾਂ ਨੂੰ
ਉਂਗਲੀ ਲਾ ਜੰਡ ਹੇਠ ਲੈ ਆਇਆ
ਜੰਡ ਜੋ
ਸ਼ੂਨਯ ਤੇ ਸਿਰਜਣਾ ਦਾ ਪ੍ਰਤੀਕ ਸੀ
ਮਿਰਜ਼ੇ ਦਾ ਅੰਤਰੀਵ ਸੀ
ਦੁਨੀਆਂ ਦੀ ਅਖ਼ੀਰ ਸੀ
ਕੁਦਰਤ ਸੀ ਕਾਦਰ ਸੀ
ਬ੍ਰਹਿਮੰਡ ਦੀ ਇਬਾਦਤ ਸੀ

-0-

ਮਿਰਜ਼ਾ ਚਾਹੁੰਦਾ ਸੀ
ਸਾਹਿਬਾਂ
ਜੰਡ ਦੀ ਸਰਦਲ ਤਕ
ਅੱਪੜਦੀ ਅੱਪੜਦੀ
ਆਪਣਾ ਲੋਭ ਮੋਹ ਹੰਕਾਰ
ਆਪਣੇ ਪਿੰਡ ਖੀਵੇ ਖ਼ਾਨ ਛੱਡ ਆਵੇ
ਸ਼ੁੱਧ ਹੋ ਕੇ
ਜੰਡ ਦੀ ਦਹਿਲੀਜ਼ ਤੇ ਆਵੇ

–0–

ਸਾਹਿਬਾਂ
ਜੰਡ ਦਾ ਸੱਚ ਸਮਝ ਨਾ ਪਾਈ
ਉਸਦੇ ਅੰਦਰ ਮੋਹ ਦੀ ਨਦੀ
ਉੱਛਲ ਆਈ
ਜਿਸ ਦੇ ਵਹਿਣ ’ਚ
ਸਾਹਿਬਾਂ ਵਹਿ ਗਈ
ਭਰਾਵਾਂ ਦੇ ਮੋਹ ’ਚ ਪੈ ਗਈ
ਜਿਸ ਮੋਹ ਚੋਂ ਕੱਢ ਕੇ
ਮਿਰਜ਼ਾ ਉਸ ਨੂੰ ਜੰਡ ਤੱਕ
ਲਿਆਇਆ ਸੀ
ਸਾਹਿਬਾਂ
ਉਸ ਮੋਹ ’ਚ ਭਿੱਜ ਕੇ ਰਹਿ ਗਈ

–0–

ਜੰਡ ਹੇਠ ਸੁੱਤੇ ਮਿਰਜ਼ੇ ਨੂੰ
ਲੋਭ ਮੋਹ ਹੰਕਾਰ ਦੇ ਕੀੜਿਆਂ
ਨੇ ਘੇਰਿਆ
ਜਿਉਂਦਾ ਜਾਗਦਾ ਮਿਰਜ਼ਾ
ਸਾਹਿਬਾਂ ਸਾਵੇਂ ਨਬੇੜਿਆ
ਮਿਰਜ਼ਾ
ਸਾਹਿਬਾਂ ਦੇ ਤੱਤੇ ਲਹੂ 'ਚ ਠਰ ਗਿਆ
ਆਪਣਾ ਸੱਚ
ਸਾਹਿਬਾਂ ਦੀ ਤਲੀ ਤੇ ਧਰ ਗਿਆ
ਜੰਡ ਦਾ ਸੱਚ ਸਾਕਾਰ ਕਰ ਗਿਆ

-0-

ਸਾਹਿਬਾਂ
ਜੋ ਮਿਰਜ਼ੇ ਦੇ ਹਸ਼ਰ ਦੇ ਸੱਚ ਤੋਂ
ਅਣਜਾਣ ਸੀ
ਅੱਜ ਵੀ ਮਿਰਜ਼ੇ ਦਾ ਭਰਮ ਜਿਉਂਦੀ
ਸੱਚ ਨਿਕਾਰਦੀ ਹੈ
ਯਾਰ ਮਰਵਾ ਕੇ
ਭਰਾਵਾਂ ਦਾ ਮੋਹ ਪਾਲਦੀ ਹੈ

## ਰੰਕ ਬਾਦਸ਼ਾਹ

ਤੇਰੀ ਗੋਦ ਹੈ ਕੁੱਲੀ ਮੇਰੀ
ਤੇਰਾ ਸ਼ਬਦ ਹੈ ਰੁਜ਼ਗਾਰ ਮੇਰਾ
ਤੇਰੀ ਰਜ਼ਾ ਰਹਿਮਤ
ਨਿਗਾਹ ਹੈ ਖ਼ਜ਼ਾਨਾ ਮੇਰਾ
ਸਿਰਫ਼ ਤੂੰ ਸੱਚ ਹੈਂ ਆਪਣਾ ਹੈਂ
ਬਾਕੀ ਸੰਸਾਰ ਝੂਠਾ ਹੈ ਬੇਗ਼ਾਨਾ ਹੈ

-0-

ਕੀ ਹੋਇਆ
ਜੇ ਬਰਸਾਤਾਂ 'ਚ ਛੱਤ ਚੋਂਦੀ ਹੈ
ਹਰ ਰੋਜ਼ ਬਲਦਾ ਨਹੀਂ ਚੁੱਲ੍ਹਾ
ਅਕਾਸ਼ ਹਵਾ ਅੱਗਣ ਜਲ
ਧਰਤ ਦਾ ਮੇਰੇ ਵਿਹੜੇ ਭੰਡਾਰ ਹੈ
ਪ੍ਰਾਣ ਜੋ ਅਸਲ ਸੱਚ ਹੈ ਜੀਵਨ ਦਾ
ਤੇਰੀਆਂ ਰਹਿਮਤਾਂ ਨਿਹਮਤਾਂ ਸਦਕਾ
ਸੱਚ ਦਾ ਖਿੜਿਆ ਗੁਲਜ਼ਾਰ ਹੈ

-0-

ਕੀ ਹੋਇਆ
ਜੇ ਗਰੀਬੀ ਮੇਰਾ ਸਰਮਾਇਆ ਹੈ
ਦੁਨਿਆਵੀ ਇੱਜ਼ਤ ਤੇ ਸਤਿਕਾਰ
ਮੇਰੇ ਲਈ ਪਰਾਇਆ ਹੈ
ਤੇਰੀ ਨਿਗਾਹ ਤਾਂ ਮੇਰੇ ਤੇ ਹੈ
ਮੇਰਾ ਆਪਾ ਨਜ਼ਰ ਤੇਰੀ 'ਚ ਹੈ

ਨਿਕਰਮਾ ਤਾਂ ਉਹ ਹੈ
ਜੋ ਤੇਰੇ ਤੋਂ ਦੂਰ ਹੈ
ਉੱਚਾ ਹੈ ਉਹ
ਜੋ ਤੇਰੀ ਖ਼ਲਕ ਦੇ ਪੈਰਾਂ ਦੀ ਧੂੜ ਹੈ

–0–

ਮੈਂ ਕੀ ਕਰਨਾ ਹੈ
ਝੂਠੀ ਇੱਜ਼ਤ ਝੂਠਾ ਸਤਿਕਾਰ ਸੰਸਾਰ ਦਾ
ਮੈਂ ਤਾਂ ਪਿਆਸਾ ਹਾਂ
ਤੇਰੀ ਨਿਹਮਤ ਤੇਰੀ ਰਹਿਮਤ
ਤੇਰੀ ਮੁਹੱਬਤ ਤੇਰੇ ਦੀਦਾਰ ਦਾ

–0–

ਮੇਰੀ ਕੁੱਲੀ ਦੀਆਂ ਕੰਧਾਂ
ਚੋਂਦੀ ਛੱਤ ਤੇ ਠਰਿਆ ਚੁੱਲ੍ਹਾ
ਮਹਿਲਾਂ ਮੁਨਾਰਿਆਂ
ਸ਼ਾਹੀ ਬਵਰਚੀ ਖ਼ਾਨਿਆਂ ਤੋਂ ਘੱਟ ਨਹੀਂ
ਮੇਰਾ ਮਿੱਟੀ ਦਾ ਦੀਵਾ
ਸ਼ਾਹੀ ਫ਼ਨੂਸ਼ਾਂ ਦੇ ਵੱਸ ਨਹੀਂ
ਦੁਨੀਆਂ ਦੀਆਂ ਦੌਲਤਾਂ
ਐਸ਼ੋ ਆਰਾਮ
ਤੇਰੇ ਸ਼ਬਦ ਦੀ ਬਰਕਤ 'ਚ ਹਨ
ਦੁਨੀਆਂ ਦੇ ਸੁੰਦਰ ਪਦਾਰਥ
ਤੇਰੀ ਤਾਂਘ ਦੀ ਹਸਰਤ 'ਚ ਹਨ
ਮੇਰੇ ਲਈ ਇਸ ਦੁਨੀਆਂ 'ਚ
ਤੇਰੀ ਬਖ਼ਸ਼ੀ ਦਾਤ ਤੋਂ ਵੱਧ ਕੁੱਝ ਨਹੀਂ

ਮੈਂ ਰੰਕ ਵੀ
ਕਿਸੇ ਬਾਦਸ਼ਾਹ ਤੋਂ ਘੱਟ ਨਹੀਂ
ਇਹ ਸਕੂਨ ਸਬਰ ਸੰਤੋਖ ਤੇ ਖ਼ੁਸ਼ੀ
ਤੇਰੀ ਨਿਗਾਹ ਦੀ ਵਜ੍ਹਾ ਹੈ
ਖ਼ੁਸ਼ਨਸੀਬ ਹਾਂ ਤੇਰੇ ਕੋਲ ਹਾਂ ਮੈਂ
ਆਪਣੀ ਜ਼ੁਬਾਨ ਤੇ ਤੇਰਾ ਬੋਲ ਹਾਂ ਮੈਂ

----

## ਮੈਂ ਤੇ ਘਰ

ਬੂਹਾ ਖੋਲ੍ਹਿਆ
ਅੰਦਰ ਆਇਆ
ਘਰ ਦੀਆਂ ਕੰਧਾਂ
ਮੇਰੇ ਵੱਲ ਝਾਕਦੀਆਂ ਹਨ
ਛੱਤ ਘੂਰਦੀ ਹੈ
ਵਿਹੜਾ ਬੁੜ ਬੁੜ ਕਰਦਾ ਹੈ
ਘਰ ਜਿਵੇਂ ਪੱਥਰ
ਜ਼ਖ਼ਮੀ ਮੌਸਮ ਉਦਾਸ ਰੁੱਤ
ਬੁੱਸੀ ਬਹਾਰ ਹੋ ਗਿਆ ਲੱਗਦਾ ਹੈ

-0-

ਮੈਂ ਜੋ
ਰਾਤ ਦਿਨ ਦੌੜਦਾ ਹਾਂ
ਜਾਨ ਮਾਰਦਾ ਹਾਂ
ਘਰ ਹੈ
ਕਿ ਇਕ ਕਦਮ ਨਹੀਂ ਪੁੱਟਦਾ
ਮੈਂ ਬਲ ਬਲ ਕੇ ਧੁੱਖਿਆ ਹਾਂ
ਘਰ ਦਾ ਚੁੱਲ੍ਹਾ
ਨਾ ਧੁੱਖਦਾ ਹੈ ਨਾ ਬਲਦਾ ਹੈ

-0-

ਘਰ
ਇਕ ਪੈਰ ਤਾਂ ਪੁੱਟੇ
ਪਤਨੀ ਲੋਕਾਂ ਦੇ ਬਰਤਨ ਮਾਂਜਦੀ ਹੈ
ਫ਼ਰਸ਼ਾਂ ਦੇ ਮੂੰਹ ਧੋਂਦੀ ਹੈ

ਕੰਧਾਂ ਨੂੰ ਕੰਘੀ ਕਰਦੀ ਹੈ
ਵਿਹੜੇ ਪੋਚ ਪੋਚ ਧਰਦੀ ਹੈ
ਘਰ ਨੇ ਇਕ ਪੈਰ ਨਹੀਂ ਪੁੱਟਿਆ
ਬੱਚੇ ਸਕੂਲ ਜਾਣੋ ਹਟ ਗਏ ਹਨ
ਘਰ ਦੀਆਂ ਨੀਂਹਾਂ ਹੇਠ ਆ ਗਏ ਹਨ
ਸਮਾਂ
ਭਵਿੱਖ ਵਰਤਮਾਨ
ਆਪਣੇ ਚੋਂ ਨਿੱਚੋੜ ਕੇ
ਘਰ ਦੀਆਂ ਕੰਧਾਂ ਤੇ ਚਿੱਪਕ ਗਿਆ ਹੈ

-0-

ਮੈਂ ਭੱਜਦਾ ਭੱਜਦਾ ਖਲੋ ਗਿਆ ਹਾਂ
ਕਬਰ ਦੀ ਢੇਰੀ ਹੋ ਗਿਆ ਹਾਂ
ਪਤਨੀ ਲੋਕਾਂ ਦਾ ਮੈਲਾ ਉਤਾਰਦੀ
ਇੰਨੀ ਮੈਲੀ ਹੋ ਗਈ ਹੈ
ਆਪਣੀ ਪਹਿਚਾਣ ਖੋਹ ਗਈ ਹੈ

-0-

ਘਰ ਖੜੇ ਦਾ ਖੜਾ ਹੈ
ਘਰ ਮੈਨੂੰ ਤਾਂ ਆਪਣਾ ਲੱਗਦਾ ਹੈ
ਪਰ ਮੈਂ ਹੁਣ ਘਰ ਨੂੰ ਘਰ ਦਾ ਨਹੀਂ ਲੱਗਦਾ
ਕੰਧਾਂ ਛੱਤਾਂ ਬੂਹੇ ਬਾਰੀਆਂ
ਸਭ ਲਈ ਪਰਾਇਆ ਹਾਂ
ਘਰ ਖੜੇ ਦਾ ਖੜਾ ਹੈ
ਮੈਂ ਦੌੜਦਾ ਦੌੜਦਾ ਘਰ ਤੋਂ ਦੂਰ
ਮੌਤ ਦੀ ਸਰਦਲ ਤੇ ਆਇਆ ਹਾਂ

-----

# ਰੁੱਖ ਤੇ ਮਨੁੱਖ

ਰੁੱਖ
ਉਸ ਦੇ ਭਾਣੇ 'ਚ ਰਹਿੰਦੇ ਹਨ
ਹਵਾ ਵੱਗਦੀ ਹੈ ਝੂਲਦੇ ਹਨ
ਨਹੀਂ ਤਾਂ ਮਸਤ ਰਹਿੰਦੇ ਹਨ
ਸਰਬੱਤ ਦਾ ਭਲਾ ਮੰਗਦੇ ਹਨ
ਤੂੰ ਹੀ ਤੂੰ ਕਹਿੰਦੇ ਹਨ

–0–

ਫਲਾਂ ਸੰਗ
ਲੋਕਾਈ ਦੀ ਭੁੱਖ ਹਰਦੇ ਹਨ
ਜੀਵਨ ਚੋਂ ਮੌਤ ਸੀਕਦੇ ਹਨ
ਤਲੀ ਤੇ ਪ੍ਰਾਣ ਧਰਦੇ ਹਨ
ਪੰਛੀਆਂ ਮੁਸਾਫ਼ਿਰਾਂ ਨੂੰ
ਆਸਰਾ ਪ੍ਰਦਾਨ ਕਰਦੇ ਹਨ
ਆਪ ਦਾਤੇ ਦੇ ਦਰ ਦੇ ਬਰਦੇ ਹਨ

–0–

ਆਪਣੇ ਸਿਰ ਤੇ ਧੁੱਪਾਂ ਸਹਾਰਦੇ ਹਨ
ਪੈਰਾਂ 'ਚ ਸੜਦੇ ਸੂਰਜ ਠਾਰਦੇ
ਸਫ਼ਰ 'ਚ ਥੱਕੀ ਜ਼ਿੰਦਗੀ 'ਚ
ਸੁੱਖ ਸ਼ਾਂਤੀ ਅਰਾਮ ਉਤਾਰਦੇ
ਆਪਣੀ ਹਰਿਆਵਲ
ਥਲਾਂ 'ਚ ਖਿਲਾਰਦੇ

–0–

ਰੁੱਖ
ਮਨੁੱਖ ਨੂੰ ਸਮਝਾਉਂਦੇ ਹਨ
ਮਨੁੱਖ ਮਨੁੱਖ ਹੀ ਰਹੇ ਮਨੁੱਖ ਹੀ ਕਹਾਏ
ਭੁੱਲ ਕੇ ਆਪਣੇ ਆਪ ਨਾ ਰੱਬ ਹੋ ਜਾਏ
ਰੱਬ ਜਿਹੇ ਤਾਂ ਅਸੀਂ ਵੀ ਨਹੀਂ
ਜੋ ਮਨੁੱਖ ਨਾਲੋਂ ਵਧੇਰੇ ਰੱਬ ਦੇ ਕਰੀਬ ਹਾਂ
ਉਸ ਦਾ ਲਿਖਿਆ
ਜੀਅ ਰਹੇ ਨਸੀਬ ਹਾਂ
ਕੋਈ ਗਿਲਾ ਸ਼ਿਕਵਾ ਨਹੀਂ
ਬਸ ਉਸ ਦੀ ਖ਼ਿਦਮਤ 'ਚ ਖੜ੍ਹੇ ਹਾਂ
ਉਸ ਦੇ ਦੀਦਾਰ ਲਈ ਰਾਹਾਂ 'ਚ ਪਏ ਹਾਂ

–0–

ਮਨੁੱਖ
ਜੇ ਜ਼ਿੰਦਗੀ 'ਚ ਰੁੱਖ ਬਣ ਜਾਏ
ਜੀਵਨ ਮੁਸੀਬਤਾਂ ਦੁੱਖ ਭੁੱਲ ਜਾਏ
ਆਪਣੇ ਆਪ ਨਾਲ ਖੁੱਲ੍ਹ ਜਾਏ
ਉਸ ਨੂੰ
ਆਪਣੇ ਆਪ ਚੋਂ
ਆਪਣਾ ਸੱਚ ਨਜ਼ਰ ਆਏਗਾ
ਉਹ ਆਪ ਹੀ ਸਿਰਜਣਾ
ਆਪ ਹੀ ਸਿਰਜਕ ਕਹਾਏਗਾ
ਮਨੁੱਖ ਨੂੰ ਲੋੜ ਹੈ
ਆਪਾ ਮਾਰਨ ਦੀ
ਆਪਣੀ ਮੈਂ 'ਚ ਤੂੰ ਨੂੰ ਉਤਾਰਨ ਦੀ

–0–

ਮਨੁੱਖ ਦੇ ਅੰਦਰ ਜੇ ਤੂੰ ਉਤ਼ਰ ਜਾਏ
ਮਨੁੱਖ ਦੀ ਹਯਾਤੀ ਸੰਵਰ ਜਾਏ
ਮਨੁੱਖ ਨੂੰ ਰੱਬ ਬਣਨ ਦੀ ਲੋੜ ਨਹੀਂ ਰਹੇਗੀ
ਦੁਨੀਆਂ ਹੀ
ਮਨੁੱਖ ਨੂੰ ਰੱਬ ਕਹੇਗੀ

-0-

ਚੰਗੇ ਮਨੁੱਖ 'ਚ ਹੀ
ਰੱਬੀ ਤਾਸੀਰ ਹੈ ਜ਼ਮੀਰ ਹੈ
ਚੰਗਾ ਮਨੁੱਖ ਹੀ
ਰੱਬ ਦਾ ਸਾਖ਼ਸ਼ਾਤ ਰੂਪ਼ ਹੈ
ਸਿਰਜਣਾ ਦਾ ਸਿਰਜਕ ਸਰੂਪ ਹੈ

-0-

ਲੋੜ ਹੈ ਮਨੁੱਖ ਨੂੰ
ਰੁੱਖਾਂ ਦਾ ਸੱਚ ਸੁਭਾਅ ਦੇ ਧਰਵਾਸ
ਆਪਣੇ 'ਚ ਉਤਾਰਨ ਦੀ
ਰੁੱਖਾਂ ਦੀ ਹੋਂਦ ਦਾ ਇਤਰਾਮ ਕਰਨ ਦੀ
ਰੁੱਖਾਂ ਵਾਂਗ
ਦਾਤੇ ਦੀ ਖਿਦਮਤ 'ਚ ਖੜਣ ਦੀ
ਤਾਂ ਕਿ ਮਨੁੱਖ ਕਰਤੇ ਦੀ ਸੇਵਾ ਕਮਾ ਸਕੇ
ਮਨੁੱਖ
ਘੱਟ ਤੋਂ ਘੱਟ ਮਨੁੱਖ ਕਹਾ ਸਕੇ

------

## ਬੂੰਦ ਤੇ ਸੁਰੱਖਸ਼ਾ

ਮੈਂ ਬੂੰਦ
ਆਪਣੇ ਆਪ 'ਚ
ਸੁਰਖਿਅਤ ਨਹੀਂ
ਇਹ ਸਹਿਮ ਮੈਨੂੰ ਖਾ ਰਿਹਾ ਹੈ
ਮੇਰੀ ਹੋਂਦ ਵਜ਼ੂਦ ਤੇ ਸੱਚ
ਮਰਦਾ ਜਾ ਰਿਹਾ ਹੈ

-0-

ਸੂਰਜ ਚੜ੍ਹਦਾ ਹੈ
ਮੈਨੂੰ ਡਰ ਲੱਗਦਾ ਹੈ
ਮੇਰੀ ਦੇਹ ਆਪਣੇ ਆਪ 'ਚ
ਸੁੰਘੜਦੀ ਹੈ
ਹਵਾ ਵੱਗਦੀ ਹੈ
ਜ਼ਿੰਦਗੀ ਤੁਰਦੀ ਤੇ ਸਾਹ ਭਰਦੀ ਹੈ
ਮੇਰੀ ਜਾਨ ਨਿਕਲਦੀ ਹੈ
ਅੱਗ ਬਲਦੀ ਹੈ
ਜ਼ਿੰਦਗੀ ਦੇ ਅੰਗੀਂ
ਨਿੱਘ ਧਰਦੀ ਹੈ
ਮੇਰਾ ਲਹੂ ਸੁਕਾਉਂਦੀ ਹੈ
ਅੱਗ ਚੋਂ ਮੈਨੂੰ
ਮੌਤ ਨਜ਼ਰ ਆਉਂਦੀ ਹੈ

-0-

ਮੈਂ ਆਪਣੀ ਹਿਫ਼ਾਜ਼ਤ ਲਈ
ਮਰ ਮਰ ਕੇ ਜੀਂਦੀ ਹਾਂ
ਹਰ ਪਲ
ਜਿਉਣ ਦੇ ਡਰ ਦੀ ਸੂਲੀ
ਚੜ੍ਹਦੀ ਹਾਂ
ਅਸੁਰੱਖਿਆ ਹੋਣ ਦੇ ਭੈਅ ਨੇ
ਮੈਨੂੰ ਹਰ ਪਲ ਘੇਰਿਆ ਹੈ
ਹਰ ਵਕਤ ਤੱਕਦੀ ਮੌਤ ਹੈ ਮੈਨੂੰ
ਜ਼ਿੰਦਗੀ ਨੇ
ਮੇਰੇ ਤੋਂ ਮੂੰਹ ਫੇਰਿਆ ਹੈ

–0–

ਬੂੰਦ ਵਿਚਲੇ ਜਲ ਦਾ
ਸੱਚ ਬੋਲਿਆ
ਤੂੰ ਸਮੁੰਦਰ ਦਾ ਸ਼ਬਦ
ਆਪਣੇ ਹਿਰਦੇ ਵਸਾ
ਆਪਣਾ ਮੈਲਾ ਉਤਾਰ
ਆਪਣਾ ਭਰਮ ਮਿਟਾ

–0–

ਤੇਰੀ ਦੇਹ ਚੋਂ
ਸੂਰਜ ਚੜ੍ਹਣਗੇ
ਤੇਰਾ ਸਹਿਮ ਹਰਨਗੇ
ਰੰਗਾਂ ਖ਼ੁਸ਼ਬੂਆਂ
ਮੌਸਮਾਂ ਬਹਾਰਾਂ ਦੇ ਮੇਲੇ
ਤੇਰੇ ਆਂਗਣ 'ਚ ਲੱਗਣਗੇ

–0–

ਤੂੰ ਸਮੁੰਦਰ ਦੇ ਰੰਗ 'ਚ
ਰੰਗੀ ਜਾਅ
ਸੂਰਜ ਹਵਾ ਅੱਗਣ
ਤੇਰੇ 'ਚ ਜੀਵਨ ਧਰਨਗੇ
ਤੇਰੀ ਹਿਫ਼ਾਜ਼ਤ ਕਰਨਗੇ
ਤੇਰੇ ਚੋਂ ਸਹਿਮ ਨੁੱਚੜੇਗਾ
ਹੌਸਲੇ ਵੱਧਣਗੇ

–0–

ਲੋੜ ਹੈ ਤੈਨੂੰ
ਆਪਣੇ 'ਚ ਸਮੁੰਦਰ ਦਾ ਸੱਚ
ਉਤਾਰਨ ਦੀ
ਸਮੁੰਦਰ ਦੇ ਸੱਚ 'ਚ ਉਤਰ ਜਾਣ ਦੀ
ਆਪਣਾ ਸਭ ਕੁੱਝ
ਸਮੁੰਦਰ ਨੂੰ ਅਰਪਣ ਕਰਨ ਦੀ
ਸਮੁੰਦਰ 'ਚ ਬੂੰਦ
ਬੂੰਦ 'ਚ ਸਮੁੰਦਰ ਧਰਨ ਦੀ

–0–

ਸਮੁੰਦਰ ਦਾ ਸ਼ਬਦ ਤੇ ਰਜ਼ੋ
ਤੇਰੇ ਲਈ
ਸੱਚ ਦਾ ਦੁਆਰ ਖੋਲ੍ਹੇਗੀ
ਆਪਣੀ ਹਸਤੀ
ਤੇਰੀ ਹਸਤੀ 'ਚ ਘੋਲੇਗੀ
ਸਮੁੰਦਰ ਤੇਰੇ ਚੋਂ ਬੋਲੇਗਾ
ਤੂੰ ਸਮੁੰਦਰ ਚੋਂ ਬੋਲੇਗੀ

–0–

ਤੂੰ ਸਮੁੰਦਰ 'ਚ ਵਸਦੀ
ਸਮੁੰਦਰ ਤੋਂ ਦੂਰ ਹੈਂ
ਸਮੁੰਦਰ ਦੀ ਸਿਆਣ
ਸੱਚ ਤੇ ਪਹਿਚਾਣ ਤੋਂ ਦੂਰ ਹੈਂ
ਸ਼ਬਦ ਤੇ ਰਜ਼ਾ 'ਚ
ਤੂੰ ਸਮੁੰਦਰ ਦਾ ਰੂਪ ਧਾਰੇਗੀ
ਆਪਣੀ ਦੇਹ 'ਚ ਵਸਦਾ
ਸਮੁੰਦਰ ਪਹਿਚਾਣੇਗੀ
ਸਮੁੰਦਰ ਦੀ ਹੋ
ਸਮੁੰਦਰ ਤੇਰਾ ਹੋ ਕੇ ਰਹੇਗਾ
ਜਦ ਵੀ ਕੋਈ ਤੈਨੂੰ ਵੇਖੇਗਾ
ਬੂੰਦ ਨਹੀਂ ਸਮੁੰਦਰ ਕਹੇਗਾ

-0-

ਮੈਂ ਬੂੰਦ
ਆਪਣੇ ਆਪ 'ਚ
ਸੁਰੱਖਿਅਤ ਨਹੀਂ
ਇਹ ਸਹਿਮ ਮੈਨੂੰ ਖਾ ਰਿਹਾ ਹੈ
ਮੇਰੀ ਹੋਂਦ ਵਜ਼ੂਦ ਤੇ ਸੱਚ
ਮਰਦਾ ਜਾ ਰਿਹਾ ਹੈ

------

# ਰੁੱਖ ਦਾ ਵਿਚਰਨ ਦੁਖਾਂਤ

ਮੈਂ ਰੁੱਖ
ਧੁੱਪਾਂ 'ਚ ਸੜਦਾ ਹਾਂ
ਸਿਰ ਤੇ ਨਾ ਤਾਣ ਛੱਤਰੀ ਸਕਦਾ ਹਾਂ
ਫੁੱਲ ਫੱਲ ਮਹਿਕ ਦਿੰਦਾ ਹਾਂ
ਜਿਸਮ ਤੇ ਪੱਥਰ ਖਾਂਦਾ ਹਾਂ
ਕੋਰੇ 'ਚ ਠਰਦਾ ਹਾਂ
ਔੜਾਂ 'ਚ ਮਰਦਾ ਹਾਂ
ਅੱਗ਼ਣ ਨਾ ਹਵਾ ਮੇਰੀ ਹੈ
ਮੇਰੀ ਜ਼ਿੰਦਗੀ
ਇਕ ਮਿੱਟੀ ਦੀ ਢੇਰੀ ਹੈ

–0–

ਹਨ੍ਹੇਰੀਆਂ ਝੱਖੜਾਂ ਤੂਫ਼ਾਨਾਂ 'ਚ
ਤਿੜਕਦਾ ਟੁੱਟਦਾ ਭੱਜਦਾ ਹਾਂ
ਹਰ ਕੋਈ ਮੇਰਾ ਸੁੱਖ ਹੰਢਾਉਂਦਾ ਹੈ
ਅਪਣਾ ਕੂੜਾ ਮੇਰੇ ਵਿਹੜੇ ਧਰਦਾ ਹੈ
ਮੈਨੂੰ ਮੈਲਾ ਕਰਦਾ ਹੈ
ਮੈਂ ਕਿੰਨਾਂ ਬਦਨਸੀਬ ਹਾਂ
ਕਿੰਨਾਂ ਅਵਾਜ਼ਾਰ ਹਾਂ
ਮੈਂ ਪੱਤਝੜ ਦੇ ਸਿੰਗੀ
ਚੜ੍ਹੀ ਬਹਾਰ ਹਾਂ

–0–

ਮੈਂ ਆਪਣੇ ਆਪ ਲਈ ਹੀ
ਬੰਦ ਦੁਆਰ ਹਾਂ

ਤੁਰ ਨਾ ਬੋਲ ਸਕਦਾ ਹਾਂ
ਮੇਰੇ ਅੰਦਰ
ਹਨ੍ਹੇਰਾ ਫੈਲਿਆ ਹੈ ਸਦੀਆਂ ਤੋਂ
ਨਾ ਆਪਣੇ ਅੰਦਰ
ਕਿਰਨ ਉਤਾਰ ਸਕਦਾ ਹਾਂ
ਨਾ ਆਪਾ ਗਰਮਾ ਸਕਦਾ ਹਾਂ
ਨਾ ਆਪਾ ਠਾਰ ਸਕਦਾ ਹਾਂ
ਨਾ ਆਪਣੇ ਸਾਏ 'ਚ ਉਤਰ ਸਕਦਾ ਹਾਂ
ਨਾ ਸ਼ਾਏ 'ਚ ਆਪਾ ਉਤਾਰ ਸਕਦਾ ਹਾਂ

–0–

ਮੈਂ ਜੋ ਵੀ ਦੁਨੀਆਂ ਨੂੰ ਦਿੰਦਾ ਹਾਂ
ਉਸਦੇ ਇਵਜ਼ 'ਚ
ਦੁਨੀਆਂ ਦੇ ਦਿੱਤੇ ਦਾ
ਕੋਈ ਅਹਿਸਾਸ ਨਹੀਂ ਮੈਨੂੰ
ਮੈਂ ਕਿਸੇ ਦੇ ਸੱਚ ਨੂੰ ਕੀ ਸਮਝਾਂ
ਆਪਣੇ ਸੱਚ ਦਾ ਵੀ ਪਾਸ ਨਹੀਂ ਮੈਨੂੰ
ਮੈਂ ਰੁੱਖ ਹਾਂ ਵੀ ਕਿ ਨਹੀਂ
ਇਸ ਸੱਚ ਤੋਂ ਅਣਜਾਣ ਹਾਂ
ਮੈਂ ਬਿੰਨ ਸ਼ਬਦਾਂ ਅਰਥ ਹਾਂ
ਬਿੰਨ ਬੋਲਾਂ ਜ਼ੁਬਾਨ ਹਾਂ
ਮੈਂ ਜਿਉਂਦੀ ਜਾਗਦੀ ਗੁਲਜ਼ਾਰ ਹਾਂ
ਕਿਸੇ ਲਈ
ਕਬਰਾਂ ਦੀ ਚੁੱਪ ਦਾ ਮੁਰਦਾ ਅਹਿਸਾਸ ਹਾਂ

–0–

ਜੀਵਨ ਨੂੰ
ਫੁੱਲ ਮਹਿਕਾ ਰੰਗ

ਹਰਿਆਵਲ ਦਿੰਦਾ ਹਾਂ
ਜੀਵਨ ਦੀ ਗੰਧ ਸੀਕਦਾ ਹਾਂ
ਸੱਜਰਾਪਣ ਦਿੰਦਾ ਹਾਂ
ਫਿਰ ਵੀ
ਜੜ੍ਹ ਤੋਂ ਪੁੱਟਿਆ ਜਾਂਦਾ ਹਾਂ
ਤਣੇ ਤੋਂ ਕੱਟਿਆ ਜਾਂਦਾ ਹਾਂ
ਜੋ ਮੈਨੂੰ ਬੀਜਦਾ ਹੈ
ਉਸ ਨੂੰ ਸਾੜਣ ਲਈ
ਉਸ ਦੀ ਮੜੀ 'ਚ ਚਿਣਿਆ ਜਾਂਦਾ ਹਾਂ

-0-

ਮੇਰਾ ਤਨ ਵੀ ਦੁੱਖਦਾ ਹੈ
ਮੇਰਾ ਮਨ ਵੀ ਦੁੱਖਦਾ ਹੈ
ਮੈਂ ਆਪਣਾ ਦੁੱਖ
ਦੁਨੀਆਂ ਨੂੰ ਸਮਝਾ ਨਹੀਂ ਸਕਦਾ
ਲਾਹ ਕੇ ਦੇਹ ਤੋਂ ਛਿੱਲੜ
ਸੱਚ ਵਿਖਾ ਨਹੀਂ ਸਕਦਾ

-0-

ਰੁੱਖ ਦੀ ਟਹਿਣੀ ਤੋਂ
ਇਕ ਪੰਛੀ ਬੋਲਿਆ
ਰੁੱਖ ਤੂੰ ਜੰਗਲ ਹੋ ਜਾ
ਜੰਗਲ ਦੇ ਸੱਚ 'ਚ ਖੋਹ ਜਾ
ਜੰਗਲ ਸਿਮਰ
ਜੰਗਲ ਦਾ ਭਾਣਾ ਧਿਆ
ਆਪਣੇ ਚੋਂ ਜੰਗਲ ਦੀ ਜੜ੍ਹ
ਸਿਆਣ
ਜੰਗਲ ਦੀ ਜੋਤ ਆਪਣੇ ਚੋਂ

ਪਹਿਚਾਣ

ਜੰਗਲ ਦੀ ਹੋਂਦ ਆਪਣੇ 'ਚ ਵਸਾ
ਰੁੱਖ ਤੋਂ ਜੰਗਲ ਕਹਾ

-0-

ਜਦ ਜੰਗਲ
ਤੇਰੇ ਚੋਂ ਨਜ਼ਰ ਆਏਗਾ
ਤੇਰੇ ਗਿਲੇ ਸ਼ਿਕਵੇ
ਤੇਰੀ ਉਪਰਾਮਤਾ ਤੇਰਾ ਦੁੱਖ
ਤੇਰੇ ਚੋਂ ਨੁੱਚੜ ਜਾਏਗਾ
ਤੇਰੇ ਚੋਂ
ਜੰਗਲ ਦੀ ਪਹਿਚਾਣ ਜਾਗੇਗੀ
ਤੇਰਾ ਭਰਮ ਸੱਚ 'ਚ ਢਲੇਗਾ
ਤੇਰੀ ਕੁਰਬਾਨੀ ਦਾ ਸੂਰਜ
ਤੇਰੀ ਦੇਹ ਰੌਸ਼ਨ ਕਰੇਗਾ
ਜੀਵਨ ਨੂੰ ਤੇਰੀ ਦੇਣ ਕਿੰਨੀ ਮਹਾਨ ਹੈ
ਜੀਵਨ 'ਚ
ਕਿੰਨਾਂ ਉੱਚਾ ਤੇਰਾ ਸਥਾਨ ਹੈ
ਤੈਨੂੰ ਜੰਗਲ ਦਾ ਭਾਣਾ ਦੱਸੇਗਾ
ਤੂੰ ਜੰਗਲ ਸਿਮਰਦਾ ਰਹਿ
ਜੰਗਲ ਦੀ ਰਜ਼ਾ 'ਚ ਤੁਰਿਆ ਰਹਿ
ਤੂੰ ਆਪਣਾ ਸੱਚ ਪਾਏਂਗਾ
ਤੂੰ ਹਰ ਜਨਮ 'ਚ ਹੀ
ਰੁੱਖ ਬਣ ਕੇ ਉੱਗਣਾ ਚਾਹੇਂਗਾ

------

# ਦਿਲ ਦਾ ਮੁਕਾਮ

ਉਹ
ਦਿਲ ਦੇ ਵਹਿਣਾ 'ਚ ਘਿਰਿਆ
ਘਰ ਦਾ ਰਾਹ ਭੁੱਲ ਗਿਆ
ਉਸ ਦੀ ਨਜ਼ਰ
ਸ਼ੀਸ਼ੇ ਵਿਚਲੇ ਅਕਸ ਤੇ ਡੁੱਲ੍ਹ ਗਈ
ਚਿਹਰੇ ਦਾ ਸੱਚ ਭੁੱਲ਼ ਗਈ
ਦਿਲ ਤੇ ਨਜ਼ਰ 'ਚ ਲਟਕਦਾ
ਉਹ ਸੋਚਦਾ ਹੈ
ਉਹ ਕੀ ਹੈ
ਦਰਪਣ ਚਿਹਰਾ ਨਜ਼ਰ ਦਾ ਭੁਲੇਖਾ
ਜਾਂ ਦਿਲ ਦਾ ਮੋਹ ਹੈ

–0–

ਉਹ ਜੇ ਸ਼ੀਸ਼ਾ ਹੈ
ਤਾਂ ਨਜ਼ਰ ਨੂੰ
ਚਿਹਰੇ ਦਾ ਸੱਚ ਕਿਉਂ ਨਹੀਂ ਕਹਿੰਦਾ
ਦਿਲ ਦਾ ਮੋਹ ਹੈ
ਤਾਂ ਦਿਲ ਦੇ ਟੁੱਟਣ ਤੇ
ਕਿਉਂ ਮਿਟ ਨਹੀਂ ਜਾਂਦਾ
ਭੁਲੇਖਾ ਹੈ ਜੇ ਨਜ਼ਰਾਂ ਦਾ
ਤਾਂ ਅਕਸ ਨੂੰ ਮਿਲ ਕੇ
ਕਿਉਂ ਮੁੱਕ ਨਹੀਂ ਜਾਂਦਾ
ਚਿਹਰਾ ਹੈ

ਤਾਂ ਭਰਮ ਨੂੰ ਭਰਮ
ਮੋਹ ਨੂੰ ਮੋਹ ਕਿਉਂ ਨਹੀਂ ਕਹਿੰਦਾ

-0-

ਉਹ ਸੂਰਜ ਹੈ
ਚੜ੍ਹਦਾ ਵੀ ਹੈ
ਡੁੱਬਦਾ ਵੀ ਹੈ
ਦਰਿਆ ਹੈ
ਵਗਦਾ ਵੀ ਹੈ ਰੁਕਦਾ ਵੀ ਹੈ
ਡੁੱਬਣ ਨੇ
ਉਸ ਨੂੰ ਚਾੜ੍ਹ ਰੱਖਿਆ ਹੈ
ਰੁਕਣ ਨੇ
ਉਸ ਨੂੰ ਰਫ਼ਤਾਰ ਰੱਖਿਆ ਹੈ

-0-

ਉਹ ਧਰਤ ਦੀ ਸੁਗੰਧ
ਅੰਬਰ ਦ ਬੋਲ ਹੈ
ਪਰ ਸਦੀਆਂ ਤੋਂ
ਉਹ ਆਪਣੀ ਚੁੱਪ ਦੇ ਕੋਲ ਹੈ
ਜ਼ਿੰਦਗੀ ਨੇ
ਉਸ ਨੂੰ ਮੌਤ ਦੇ ਸਿੰਗੀ ਚਾੜ੍ਹ
ਰੱਖਿਆ ਹੈ
ਸ਼ੋਰ ਉਸ ਨੂੰ ਚੁੱਪ 'ਚ
ਚੁੱਪ ਉਸ ਨੂੰ ਸ਼ੋਰ 'ਚ ਉਤਾਰ
ਰੱਖਿਆ ਹੈ

-0-

ਉਹ ਮਜ਼ਬੂਰ ਹੈ
ਚੁੱਪ ਇਕੱਲਤਾ ਉਦਾਸੀ
ਧੁੰਨ ਹੈ ਉਸ ਦੀ
ਰੌਣਕਾਂ ਦੇ ਡਰ ਨੇ
ਉਜਾੜਾਂ 'ਚ ਉਤਾਰਿਆ ਉਸ ਨੂੰ
ਉਜਾੜਾਂ ਨੇ
ਸਮੁੰਦਰ ਉਸਾਰਿਆ ਉਸ ਚੋਂ

–0–

ਉਹ
ਕਦੀ ਪ੍ਰਕਰਮਾਂ ਰੁੱਖਾਂ ਪਹਾੜਾਂ ਦੀ
ਅਲਾਪ ਖ਼ਾਮੋਸ਼ੀ ਦਾ
ਰੌਣਕ ਉਜਾੜਾਂ ਦੀ
ਝੁਲਸੀ ਦੇਹ ਮੌਸਮ ਦੀ
ਜ਼ਖ਼ਮੀ ਰੂਹ ਬਹਾਰਾਂ ਦੀ
ਉਸ ਆਪਣੀ ਹੀ ਸੂਲੀ 'ਤੇ
ਆਪਾ ਚਾੜ੍ਹ ਰੱਖਿਆ ਹੈ
ਕਦੀ ਡਰ ਕੇ ਚਾਨਣ ਤੋਂ
ਬੁਝਾ ਲਿਆ ਆਪਾ
ਕਦੀ ਡਰ ਕੇ ਹਨ੍ਹੇਰੇ ਤੋਂ
ਆਪਾ ਬਾਲ ਰੱਖਿਆ ਹੈ

–0–

ਉਹ
ਦਿਲ ਦਾ ਉਹ ਮੁਕਾਮ ਹੈ
ਚਲਦੀ ਹੈ ਹਵਾ ਜਿੱਥੋਂ
ਉੱਗਦੀ ਹੈ ਕਸ਼ਿਸ਼ ਜਿੱਥੋਂ
ਪੁੰਗਰਦੀ ਹੈ ਹਯਾ ਜਿੱਥੋਂ
ਗਤੀਆਂ ਦੀ ਗਤੀ ਦਾ
ਨਿਰੰਤਰ ਵਜ਼ੂਦ ਹੈ
ਬੁੱਤ ਦਾ ਸੱਚ ਪੱਥਰ 'ਚ ਮੌਜੂਦ ਹੈ
ਉਸ ਨੂੰ ਕਬਰ ਦੇ ਰਕਬੇ ਨਹੀਂ
ਜ਼ਿੰਦਗੀ ਨੇ ਘੇਰਿਆ
ਉਸ ਆਪਣਾ ਚਿਹਰਾ
ਆਪਣੇ ਲਹੂ 'ਚ ਲਿਬੇੜਿਆ

-----

## ਗੀਤ ਲਿਖਾਂ

ਗੀਤ ਲਿਖਾਂ
ਬਿਨ ਸ਼ਬਦਾਂ ਅਰਥਾਂ ਤੋਂ
ਬਿਨ ਬੰਦਸ਼ਾਂ ਬਿਨ ਸ਼ਰਤਾਂ ਤੋਂ
ਮਹਿਕਾਂ ਵਰਗਾ ਪੌਣਾਂ ਵਰਗਾ
ਨੈਣਾਂ ਦੀ ਉਡੀਕ 'ਚ ਬੀਤੇ
ਸਾਵਣ ਵਰਗਾ

–0–

ਗੀਤ ਲਿਖਾਂ
ਮਹਿਬੂਬ ਦੀ ਸੰਗ
ਕਿਰਨ ਦੇ ਰੰਗ ਜਿਹਾ
ਸ਼ਬਨਮ ਦੀ ਅੱਖ
ਕਲੀਆਂ ਦੀ ਧੂਹ ਜਿਹਾ
ਹਵਾ ਪਾਣੀ ਦੀ ਰੂਹ ਜਿਹਾ

–0–

ਗੀਤ
ਕਿ ਸੁਣ ਕੇ ਜਿਸ ਨੂੰ
ਅੰਬਰ ਧਰਤੀ ਤੇ ਝੁੱਕ ਜਾਵੇ
ਥੇਹ ਚੋਂ ਰੌਣਕ
ਸਹਿਰਾ ਚੋਂ ਸਾਗਰ ਉੱਗ ਆਵੇ
ਗੀਤ ਮੇਰਾ ਬਿਨ ਝੁੱਲਸੇ
ਦਰਿਆ ਅੱਗ ਦਾ ਤਰ ਜਾਵੇ
ਅੱਖ 'ਚ ਅੱਥਰੂ ਤੱਕਣ ਤੋਂ ਪਹਿਲਾਂ
ਹੀ ਮਰ ਜਾਵੇ

–0–

ਗੀਤ ਜੋ ਡੁੱਬਦੇ ਸੂਰਜਾਂ ਰਾਹੀਂ
ਦੀਵੇ ਬਾਲੇ
ਸੱਚ ਦੀ ਖ਼ਾਤਰ
ਆਪਾਦੇਗਾਂ ਵਿਚ ਉਬਾਲੇ
ਗੀਤ ਲਿਖਾਂ ਪ੍ਰਵਾਜ਼ ਜਿਹਾ
ਬਾਂਸ ਦੀ ਪੋਰੀ ਵਿਚੋਂ ਲੰਘਦੀਆਂ
ਪੌਣਾਂ ਦੇ ਅਲਾਪ ਜਿਹਾ
ਧੁੱਪਾਂ ਵਰਗਾ ਛਾਵਾਂ ਵਰਗਾ
ਰੱਬ ਵਰਗੀਆਂ ਨੂੰਹਾਂ ਧੀਆਂ
ਮਾਵਾਂ ਵਰਗਾ
ਜੋ ਚੜ੍ਹਦਾ ਸੂਰਜ
ਹਨ੍ਹੇਰੇ ਘਰਾਂ ਦੇ ਵਿਚ ਧਰ ਜਾਵੇ
ਗੀਤ ਮੇਰਾ ਕੁੱਝ ਕਰਕੇ
ਭਾਵੇਂ ਮਰ ਜਾਵੇ

–0–

ਗੀਤ ਪਰੋਵਾਂ
ਜ਼ਿੰਦਗੀ ਦੇ ਹੁਸਨ ਜਿਹਾ
ਫੁੱਲਾਂ ਦੀਆਂ ਪੱਤੀਆਂ ਤੇ
ਪਈ ਤ੍ਰੇਲ ਜਿਹਾ
ਰੁੱਖਾਂ ਦੀ ਹਰਿਆਵਲ ਜਿਹਾ
ਲਹਿਰਾਂ ਦੇ ਸ਼ੋਰ ਜਿਹਾ
ਚਿੱੜੀਆਂ ਦੇ ਸੰਗੀਤ ਜਿਹਾ
ਜੰਗਲ ਵਿਚ ਨੱਚਦੇ ਮੋਰ ਜਿਹਾ
ਜਿਸ ਨੂੰ ਸੁਣ ਕੇ
ਕਬਰਾਂ ਚੋਂ ਮੁਰਦੇ ਜਾਗਣ

ਜ਼ਿੰਦਗੀ ਦੀ ਛੋਹ ਭਾਲਣ
ਗੀਤ ਲਿਖਾਂ
ਜੀਵਨ ਦਾ ਜੋ ਬੋਲ ਕੁਬੋਲ
ਕਬਰਾਂ ਦੀ ਚੁੱਪੇ ਧਰ ਜਾਵੇ
ਗੀਤ ਮੇਰਾ ਕੁੱਝ ਕਰਕੇ
ਭਾਵੇਂ ਮਰ ਜਾਵੇ

–0–

ਗੀਤ ਲਿਖਾਂ ਨੂਰ ਜਿਹਾ
ਨੈਣਾਂ ਦੇ ਅੱਲ੍ਹੜ ਸਰੂਰ ਜਿਹਾ
ਜਿਸ ਨੂੰ ਸੁਣ ਕੇ ਪਰਬਤ ਨੱਚਣ
ਸਾਗਰ ਨਸ਼ਿਆਵਣ
ਮੌਸਮ ਰੁੱਤ ਬਹਾਰਾਂ
ਪੱਤਝੜ ਵਿਹੜੇ ਆਵਣ
ਕਿਤੇ ਕੋਇਲ ਬ੍ਰਿਹਾ ਗਾਵੇ
ਰੁੱਖਾਂ ਸੀਨੇ ਪਿਆਰ ਜਗਾਵੇ
ਪਿਆਰ ਦੀ ਖ਼ਾਤਰ
ਰੁੱਖ ਜੰਗਲ ਹੋ ਜਾਵਣ
ਪ੍ਰਦੇਸੀ ਪੰਛੀ
ਸਾਵਣ ਆਉਣ ਤੋਂ ਪਹਿਲਾਂ ਹੀ
ਮੁੜ ਆਵਣ
ਉਡੀਕ ਦਿਆਂ ਨੈਣਾਂ ਦੀ
ਪਿਆਸ ਬੁੱਝਾਵਣ
ਸੁੱਕਣੇ ਪਈਆਂ ਧਰਤੀਆਂ ਪਿੰਡੇ
ਬੱਦਲ ਵਸਲਾਂ ਦੇ ਵਰ੍ਹ ਜਾਵਣ

ਗੀਤ ਲਿਖਾਂ
ਜ਼ਖ਼ਮਾਂ ਤੇ ਜੋ ਮਲ੍ਹਮਾਂ ਧਰਦਾ ਜਾਵੇ
ਗੀਤ ਮੇਰਾ ਕੁੱਝ ਕਰਕੇ
ਭਾਵੇਂ ਮਰ ਜਾਵੇ

-0-

ਗੀਤ ਲਿਖਾਂ
ਜੋਬਨ ਮੱਤੀਆਂ ਗਾਗਰਾਂ ਦਾ
ਬੂੰਦਾਂ ਲਈ ਤਰਸਦੇ ਸਾਗਰਾਂ ਦਾ
ਮਹਿਕ ਖਿਲਾਰਦੀਆਂ ਰੁੱਤਾਂ ਦਾ
ਮਿਸ਼ਰੀ ਵਰਗੇ ਬੋਲਾਂ ਦਾ
ਸੰਗਮਰਮਰੀ ਬੁੱਤਾਂ ਦਾ
ਭੇਦ ਲੁਕਾਉਂਦੀਆਂ ਜੂਹਾਂ ਦਾ
ਹੁਸਨ ਹੰਢਾਉਂਦੇ ਬੇਲਿਆਂ ਦਾ
ਪਿਆਸ 'ਚ ਸੁੱਕੇ ਖੂਹਾਂ ਦਾ
ਜਲ ਥਲ ਹੋਈਆਂ ਰੂਹਾਂ ਦਾ

-0-

ਲੋਕ ਬਸ਼ਿੰਦੇ ਹੋਵਣ
ਨੂਰੀ ਬਸਤੀ ਦੇ
ਵੱਖ ਵੱਖ ਕਿਰਨਾਂ
ਪਰ ਸੂਰਜ ਇਕ ਹਸ੍ਤੀ ਦੇ
ਨੈਣ ਜਿਨ੍ਹਾਂ ਦੇ ਆਲ੍ਹਣੇ ਹੋਵਣ
ਸੂਰਜ ਚੰਨਾਂ ਤਾਰਿਆਂ ਦੇ
ਬਦਨ ਜਿਨ੍ਹਾਂ ਦੇ
ਰੱਬੀ ਨੂਰ ਛਿੱਟੇ ਧਰਤ ਖਿਲਾਰਿਆਂ ਦੇ
ਸਵਾਸ ਜਿਨ੍ਹਾਂ ਦੇ

ਮੱਧਮ ਨਿੱਘ ਅੰਗਿਆਰਿਆਂ ਦੇ
ਗੀਤ ਮੇਰਾ
ਇਨ੍ਹਾਂ ਨੂੰ ਸੱਜਦਾ ਕਰ ਜਾਵੇ
ਕਰ ਦੀਦਾਰ ਇਨ੍ਹਾਂ ਦੇ
ਭਾਵੇਂ ਮਰ ਜਾਵੇ
ਗੀਤ ਮੇਰਾ
ਧਰਤੀ ਦਾ ਅੰਬਰ ਦਾ
ਗੀਤ ਮੇਰਾ
ਰੂਹ ਮੇਰੀ ਦੇ ਸਵੰਬਰ ਦਾ
ਜਿਸ ਦੀ ਸ਼ੋਭਾ ਰਾਮ ਬਣੇ
ਜਿਸ ਦੀ ਜੋਤ
ਨਾਨਕ ਕ੍ਰਿਸ਼ਨ ਤੇ ਬੁੱਧ ਜਗੇ
ਗੀਤ ਲਿਖਾਂ
ਜੋ ਆਪਣਾ ਅਰਘਾ
ਮਾਨਵ ਚਰਨੀਂ ਧਰ ਜਾਵੇ
ਕਰਕੇ ਸੱਜਦਾ ਵਿਸ਼ਵ ਨੂੰ
ਭਾਵੇਂ ਮਰ ਜਾਵੇ

-0-

ਗੀਤ ਲਿਖਾਂ
ਬਿਨ ਸ਼ਬਦਾਂ ਅਰਥਾਂ ਤੋਂ
ਬਿਨ ਬੰਦਸ਼ਾਂ ਬਿਨ ਸ਼ਰਤਾਂ ਤੋਂ
ਮਹਿਕਾਂ ਵਰਗਾ ਪੌਣਾਂ ਵਰਗਾ
ਨੈਣਾਂ ਦੀ ਉਡੀਕ 'ਚ ਬੀਤੇ
ਸਾਵਣ ਵਰਗਾ

------

# ਸੁੱਕੇ ਪੱਤੇ ਦਾ ਅੰਤਰੀਵ

ਸੁੱਕੇ ਪੱਤੇ ਨੂੰ ਪੁੱਛਿਆ
ਤੂੰ ਸੁੱਕਾ ਹੈਂ
ਹੁਣ ਕਿੱਥੇ ਜਾਏਂਗਾ
ਜੀਵਨ 'ਚ
ਤੂੰ ਕੀ ਗੁਆਇਆ ਹੈ
ਕੀ ਪਾਇਆ ਹੈ
ਜੀਵਨ ਦਾ ਸੱਚ
ਤੈਨੂੰ ਸਮਝ ਆਇਆ ਹੈ ?
ਕਿ ਜੀਵਨ ਬੇਅਰਥਾ ਲੰਘਾਇਆ ਹੈ ?

-0-

ਪੱਤਾ ਬੋਲਿਆ
ਮੈਂ ਕਈ ਮੌਸਮ ਬਹਾਰਾਂ ਰੁੱਤਾਂ
ਝੱਖੜ ਹਨ੍ਹੇਰੀਆਂ
ਪਿੰਡੇ ਤੇ ਹੰਢਾਈਆਂ ਹਨ
ਬਚਪਨ ਤੋਂ ਬੁੱਢੇਪੇ ਤੱਕ ਦੀਆਂ
ਧੁੱਪਾਂ ਛਾਵਾਂ ਮੇਰੇ ਤੇ ਆਈਆਂ ਹਨ
ਜੀਵਨ ਸੱਚ ਚੋਂ ਗੁਜ਼ਰਿਆ ਹਾਂ
ਦੁਨੀਆਂ 'ਚ ਖ਼ਾਲੀ ਹੱਥ ਆਇਆ ਸਾਂ
ਭਰਿਆ ਭਰਾਇਆ
ਜਿੱਥੋਂ ਆਇਆ ਸਾਂ ਉੱਥੇ ਪਰਤਿਆ ਹਾਂ

-0-

ਮੈਂ ਬੀਜ ਚੋਂ ਰੁੱਖ
ਰੁੱਖ ਚੋਂ ਬੀਜ ਦਾ ਸੰਸਾਰ ਡਿੱਠਾ ਹੈ

ਕਰਤੇ ਦੀ ਕੁਦਰਤ ਦਾ
ਕਾਰੋਬਾਰ ਡਿੱਠਾ ਹੈ
ਬੀਜ ਨੇ ਰੁੱਖ
ਰੁੱਖ ਨੇ ਆਪਣੇ ਆਪ 'ਚ
ਮੈਨੂੰ ਸਾਂਭਿਆ ਹੈ
ਬੀਜ ਦੇ ਪਿੰਡੇ 'ਚ
ਰੁੱਖ ਦਾ ਵਜ਼ੂਦ ਹੈ
ਰੁੱਖ ਦੇ ਵਜ਼ੂਦ 'ਚ
ਮੇਰਾ [illegible] ਮੌਜ਼ੂਦ ਹੈ

-0-

ਮੈਂ ਸੁੱਕਾ ਪੱਤਾ
ਟਹਿਣੀ ਤੇ ਲਟਕ ਰਿਹਾ ਹਾਂ
ਬਿਨ ਦੇਹ ਬਿਨ ਪ੍ਰਾਣ ਜੀਅ ਰਿਹਾ ਹਾਂ
ਮੌਤ ਦੇ ਡਰ ਤੋਂ ਨਿਰਭਓ ਹੋ ਕੇ
ਆਪਣਾ ਸੱਚ ਹਢਾਅ ਰਿਹਾ ਹਾਂ
ਆਪਣਾ ਨੂਰ ਪੀ ਰਿਹਾ ਹਾਂ
ਮੌਤੋਂ ਪਿੱਛਲੇਰਾ ਜੀਵਨ
ਜੀਅ ਰਿਹਾ ਹਾਂ

-0-

ਜਿਸ ਦੀ ਟਹਿਣੀ ਤੋਂ ਟੁੱਟ ਕੇ
ਮੈਂ ਡਿੱਗਾਂਗਾ
ਉਸੇ ਟਹਿਣੀ ਉਸੇ ਥਾਂ ਤੋਂ
ਪੁੰਗਰ ਆਵਾਂਗਾ
ਮੇਰੀ ਹੋਂਦ ਦਾ ਅਸਲ ਸੱਚ
ਬਿਨ ਪ੍ਰਾਣ ਬਿਨ ਦੇਹ ਹੈ

ਦੇਹ ਤੇ ਪ੍ਰਾਣ ਬਿਨਾਂ ਜਿਉਂਦਾ ਹਾਂ
ਮੈਂ ਸੁੱਕਾ ਵੀ ਹਰਾ ਹਾਂ
ਹਰਾ ਵੀ ਸੁੱਕਾ ਹਾਂ
ਮੈਂ ਜਿਉਂਦਾ ਮਰਜੀਵੜਾ ਸਾਂ
ਮੋਇਆ ਚਿਰੰਜੀਵੜਾ ਹਾਂ

-0-

ਮੇਰਾ ਵਜੂਦ
ਸੁੱਕਾ ਤੱਕ ਕੇ
ਇਹ ਨਾ ਸਮਝੋ
ਕਿ ਮੈਂ ਜੀਵਨ ਰਹਿਤ ਹਾਂ
ਮੈਂ ਜਿਉਂਦੇ ਜੀਅ
ਮਰ ਕੇ ਪੁੰਗਰ ਆਉਂਦਾ ਹਾਂ
ਮੈਂ ਮੌਤ ਦਾ ਸੱਚ
ਜਿਉਂਦੇ ਜੀ ਹੰਢਾਉਂਦਾ ਹਾਂ
ਜੀਵਨ ਦਾ ਵਿਸਥਾਰ ਹਾਂ ਮੈਂ

-0-

ਮੈਂ ਜੀਵਨ 'ਚ
ਕੁੱਝ ਨਹੀਂ ਗਵਾਇਆ
ਪਾਇਆ ਹੀ ਪਾਇਆ ਹੈ
ਪੱਤਝੜ ਜਿਉਂਦਾ ਮੇਰਾ ਪਿੰਡਾ
ਪੱਤਝੜ ਚੋਂ ਹੀ ਪੁੰਗਰ ਆਇਆ ਹੈ

-----

# ਮਿੱਟੀ ਦੀ ਢੇਰੀ ਤੋਂ ਪਰ੍ਹਾਂ

ਮਿੱਟੀ ਦੀ ਢੇਰੀ ਤੋਂ ਉਰ੍ਹਾਂ ਕੀ ਹੈ
ਮਿੱਟੀ ਦੀ ਢੇਰੀ ਤੋਂ ਪਰ੍ਹਾਂ ਕੀ ਹੈ

-0-

ਮਿੱਟੀ ਦੀ ਢੇਰੀ ਤੋਂ ਉਰ੍ਹਾਂ
ਜੀਵਨ ਲੋਕ ਵੜਾ ਜੜਾ ਹੈ
ਈਰਖ਼ਾ ਨਫ਼ਰਤ ਕਸ਼ਿਸ਼ ਹੈ
ਪਿਆਰ ਸਤਿਕਾਰ ਹੈ
ਚਿਹਰੇ ਹਨ ਦਿਲ ਹਨ ਤੂੰ ਹੈਂ ਮੈਂ ਹਾਂ

-0-

ਚਿਹਰੇ ਦਿਲਾਂ 'ਚ
ਕਦੀ ਪਿਆਰ ਕਦੀ ਨਫ਼ਰਤ
ਬੀਜਦੇ ਹਨ
ਕਦੀ ਅੰਗਿਆਰ ਧਰਦੇ ਹਨ
ਕਦੀ ਈਰਖ਼ਾ ਦਾ ਵਿਓਪਾਰ ਕਰਦੇ ਹਨ
ਇਸ ਸਿਲਸਿਲੇ 'ਚ
ਕੋਈ ਜੀਅ ਜੀਅ ਕੇ ਮਰਦਾ ਹੈ
ਕੋਈ ਮਰ ਕਰ ਕੇ ਜੀਂਦਾ ਹੈ
ਕੋਈ ਸਵੀਕਾਰਦਾ ਹੈ ਜ਼ਿੰਦਗੀ
ਕੋਈ ਨਕਾਰਦਾ ਹੈ ਜ਼ਿੰਦਗੀ
ਜ਼ਿੰਦਗੀ ਦੀ ਇਹ ਹੀ ਤਾਸੀਰ ਹੈ
ਜ਼ਿੰਦਗੀ ਸੁੱਖਾਂ ਦੁੱਖਾਂ ਦੀ ਜਗੀਰ ਹੈ
ਮਿੱਟੀ ਦੀ ਢੇਰੀ ਤੋਂ ਉਰ੍ਹਾਂ
ਇਹ ਜ਼ਿੰਦਗੀ ਦੀ ਤਸਵੀਰ ਹੈ

-0-

ਜ਼ਰਖੇਜ਼ ਧਰਤੀ
ਜਿਸ ਚੋਂ ਕਣਕ ਚੌਲ ਮੱਕੀ ਬਾਜਰਾ
ਸਬਜ਼ੀਆਂ ਦਾਲਾਂ
ਫੁੱਲ ਫੱਲ ਤੇ ਰੁੱਖ ਉੱਗਦੇ ਹਨ
ਚਸ਼ਮੇ ਝਰਨੇ ਬੱਦਲ
ਪਹਾੜ ਦਰਿਆ ਤੇ ਸਮੁੰਦਰ
ਫੁੱਟਦੇ ਹਨ
ਕਈ ਚਿਹਰੇ
ਆਪਣੇ ਆਪ 'ਚ
ਸਭ ਸਮੇਟ ਲੈਂਦੇ ਹਨ
ਕਈ ਖਿਲਾਰ ਦਿੰਦੇ ਹਨ
ਜ਼ਰਖੇਜ਼ ਧਰਤ ਦੀ ਕੁੱਖ 'ਚ
ਅੱਗਣ ਉਤਾਰ ਦਿੰਦੇ ਹਨ

-0-

ਮਿੱਟੀ ਦੀ ਢੇਰੀ ਤੋਂ ਪਰ੍ਹਾਂ
ਜ਼ਫ਼ਾ ਦਗ਼ਾ ਈਰਖ਼ਾ ਨਫ਼ਰਤ ਨਹੀਂ
ਜ਼ਹਿਰ ਭਰੇ ਬੋਲ ਨਹੀਂ
ਸੱਚ ਹੈ ਝੂਠ ਨਹੀਂ ਝੂਠ ਦੇ ਖੋਲ ਨਹੀਂ
ਸੁਰ ਹੈ ਅਲਾਪ ਹੈ
ਮੌਸਮਾਂ ਰੁੱਤਾਂ ਬਾਹਰਾਂ ਦੀ ਮਹਿਕ ਹੈ
ਪਿਆਰ ਹੈ ਮਿਠਾਸ ਹੈ
ਮਿੱਟੀ ਦੀ ਢੇਰੀ ਤੋਂ ਪਰ੍ਹਾਂ
ਤੇਰਾ ਵਜ਼ੂਦ ਨਹੀਂ
ਮੇਰਾ ਵਜ਼ੂਦ ਨਹੀਂ
ਰੂਹ ਹੈ ਸਿਰਫ਼ ਖੁਸ਼ਬੂ ਹੈ

-0-

ਵਜ਼ੂਦ 'ਚੋਂ
ਜਫ਼ਾ ਨਫ਼ਰਤ ਜ਼ਖ਼ਮ
ਜ਼ਹਿਰ ਜਨਮਦਾ ਹੈ
ਵਜ਼ੂਦ ਦਾ ਫੱਲ
ਵਜ਼ੂਦ ਦੇ ਕਰਮ ਚੋਂ ਜਨਮਦਾ ਹੈ
ਇਹ ਸਭ
ਮਿੱਟੀ ਦੀ ਢੇਰੀ ਤੋਂ ਉਰਾਂ ਰਹਿ ਜਾਂਦਾ ਹੈ
ਸੱਚ ਮਿੱਟੀ ਦੀ ਢੇਰੀ ਨੂੰ
ਅਲਵਿਦਾ ਕਹਿ ਜਾਂਦਾ ਹੈ

-0-

ਮਿੱਟੀ ਦੀ ਢੇਰੀ ਤੋਂ ਪਰ੍ਹਾਂ
ਨਾ ਮੁਹੱਬਤ ਨੀਹਾਂ 'ਚ ਚਿਣੀ ਜਾਂਦੀ ਹੈ
ਨਾ ਨਜ਼ਰਾਂ ਚੋਂ
ਆਪਣਾ ਸੱਚ ਤੱਕਣ ਦੀ ਸਜ਼ਾ ਹੈ
ਨਾ ਮੁਹੱਬਤ ਕਿਸੇ ਦੀ ਮੁਥਾਜ਼ ਹੈ
ਨਾ ਜ਼ਿੰਦਗੀ ਚੋਂ ਖੰਡਰ
ਜਨਮਨ ਦਾ ਕੋਈ ਰਾਹ ਹੈ
ਮੁਹੱਬਤ ਦਿਲ ਚਿਹਰਾ ਤੇ
ਚਾਹਤ ਆਜ਼ਾਦ ਹੈ
ਮਿੱਟੀ ਦੀ ਢੇਰੀ ਤੋਂ ਉਰ੍ਹਾਂ
ਸਭ ਕੁੱਝ ਮੁਥਾਜ਼ ਹੈ
ਮਿੱਟੀ ਦੀ ਢੇਰੀ ਤੋਂ ਪਰ੍ਹਾਂ
ਸਭ ਸੁਤੰਤਰ ਹੈ ਬੇਮੁਥਾਜ਼ ਹੈ

-----

## ਐਸੀਆਂ ਘੜੀਆਂ 'ਚ

ਮੈਨੂੰ
ਰੰਗਾਂ ਮਹਿਕਾਂ ਰੌਣਕਾਂ ਸੁੱਖਾਂ
ਕਸ਼ਿਸ਼ਾਂ ਨੇ ਮਾਰਿਆ
ਦੁੱਖਾਂ ਗ਼ਮਾਂ ਉਦਾਸੀਆਂ
ਪੀੜਾਂ ਦਰਦਾਂ ਉਸਾਰਿਆ
ਐਸੀਆਂ ਘੜੀਆਂ 'ਚ
ਬੜਾ ਯਾਦ ਆਇਆ ਤੂੰ
ਅੱਥਰੂ ਬਣ ਕੇ ਨੈਣਾਂ 'ਚ
ਉਤਰ ਆਇਆ ਤੂੰ

-0-

ਕਬਰਾਂ ਦੀ ਚੁੱਪ
ਜਦ ਦੇਹ 'ਚ ਫੈਲੀ
ਸੂਰਜਾਂ ਦੀ ਮਾਂ ਜ਼ਿੰਦਗੀ
ਸਰਦ ਹੋਈ
ਸਾਹ ਰੁਕੇ
ਅੱਗਣ ਪਿੰਡੇ ਦੀ ਬਰਫ਼ ਹੋਈ
ਅੰਬਰ ਸਿਰ ਤੋਂ
ਧਰਤ ਪੈਰਾਂ ਚੋਂ ਤਿਲਕੀ
ਨਜ਼ਰਾਂ ਥਲ ਹੋ ਗਈਆਂ
ਮੌਸਮ ਰੁੱਤਾਂ ਬਹਾਰਾਂ
ਬੀਤੇ ਪਲ ਹੋ ਗਈਆਂ
ਜੰਗਲ ਰਾਖ਼ ਸਾਗਰ ਥਲ

ਦਰਿਆ ਪਾਣੀਉਂ ਪਤਲੇ
ਨਦੀਆਂ ਰੇਤ ਹੋ ਗਈਆਂ

-0-

ਜਿਸਮ ਚੋਂ ਲਹੂ ਆਲੋਪ ਹੋਇਆ
ਦਮਾਂ ਨੂੰ ਦਮਾਂ ਦਾ ਰੋਗ ਹੋਇਆ
ਐਸੀਆਂ ਘੜੀਆਂ 'ਚ
ਬੜਾ ਯਾਦ ਆਇਆ ਤੂੰ
ਅੱਥਰੂ ਬਣ ਕੇ ਨੈਣਾਂ 'ਚ
ਉਤਰ ਆਇਆ ਤੂੰ

-0-

ਤੇਰਾ ਚੇਤਾ
ਸੜਦੇ ਅੰਬਰੀਂ
ਚੰਨ ਨਿਕਲ ਆਇਆ
ਸੁਨੇਹਾ ਸ਼ਾਂਤੀ ਦਾ
ਦਿਲ ਦੇ ਵਿਹੜੇ ਉਤਰ ਆਇਆਂ
ਤੇਰਾ ਚਿਹਰਾ
ਮੁਜੱਸਮਾ ਨੂਰ ਦਾ ਬਣ ਕੇ
ਬੰਜਰ ਦੇਹ ਚੋਂ ਫੁੱਟ ਆਇਆ
ਕਬਰਾਂ ਦੀ ਉਦਾਸੀ
ਖ਼ੁਸ਼ੀਆਂ ਰੌਣਕਾਂ 'ਚ ਢਲੀ
ਤੇਰੀ ਦੀਦ ਈ ਪਾਈ
ਹਵਾ ਸੁੱਖਾਂ ਦੀ ਵਗੀ
ਜਿਸ ਚੰਨ ਨੂੰ
ਮੈਂ ਸੁੱਖਾਂ 'ਚ ਭੁਲਾਇਆ ਸੀ
ਉਹ ਦੀ ਦੀਦ ਦੇ ਸਦਕਾ

ਮੀਂਹ ਮਿਹਰਾਂ ਦਾ ਮੇਰੇ ਤੇ ਵਰ੍ਹਿਆ
ਮੇਰੇ ਲਹੂ ਦਾ ਸਹਿਰਾ
ਸਾਗਰ 'ਚ ਢਲਿਆ

–0–

ਵਕਤ ਨੇ ਸੁੱਖਾਂ ਦੇ ਸਿੰਗੀ
ਇੰਞ ਚਾੜ੍ਹਿਆ ਮੈਨੂੰ
ਸੁੱਖਾਂ ਦੀ ਦੌੜ 'ਚ
ਮੈਂ ਵਿਸਾਰਿਆ ਤੈਨੂੰ
ਮੈਂ ਜ਼ਿੰਦਗੀ 'ਚ
ਤੇਜ਼ ਦੌੜਿਆ ਏਨਾ
ਕਿ ਸੱਚ ਪਿੱਛੇ ਰਹਿ ਗਿਆ
ਤੇਰੇ ਤੋਂ ਦੂਰ ਹੋ ਗਿਆ
ਭਰਮ ਦੇ ਰੁੱਖ ਹੇਠ ਜਾ ਕੇ ਬਹਿ ਗਿਆ
ਤੈਨੂੰ ਪਿੱਠ ਦੇ ਕੇ ਜਿਉਣ ਲਈ
ਮਜਬੂਰ ਹੋਣਾ ਪੈ ਗਿਆ
ਮੇਰੇ ਲਾਲਚ
ਮੈਨੂੰ ਤੈਥੋਂ ਦੂਰ ਕਰ ਦਿੱਤਾ
ਤੇਰੇ ਮੇਰੇ ਵਿਚਾਲੇ
ਫ਼ਾਸਲਾ ਉਮਰਾਂ ਦਾ ਧਰ ਦਿੱਤਾ

–0–

ਮੈਂ ਤੈਨੂੰ ਕੀ ਭੁੱਲਿਆ
ਵਕਤ ਮੈਨੂੰ ਭੁੱਲਾ ਦਿੱਤਾ
ਉੱਠਾ ਕੇ ਤਖ਼ਤ ਤੋਂ ਮੈਨੂੰ
ਮਿੱਟੀ 'ਚ ਮਿਲਾ ਦਿੱਤਾ
ਇਸ ਦੁੱਖ ਦੀ ਦੇਣ

ਮੈਂ ਦੇ ਨਹੀਂ ਸਕਦਾ
ਇਸ ਦੁੱਖ ਨੇ
ਤੇਰੀ ਦੀਦ ਦਾ ਸੂਰਜ
ਵਿਸਰੇ ਦਿਲ ਦੀ ਦੁਨੀਆਂ 'ਚ
ਚੜ੍ਹਾ ਦਿੱਤਾ
ਤੋੜ ਕੇ ਭਰਮ ਜੀਵਨ ਦਾ
ਜੀਵਨ ਦਾ ਸੱਚ ਵਿੱਖਾ ਦਿੱਤਾ
ਦੁੱਖ ਤੋਂ ਸੁੱਖ ਪੁੰਗਰ ਆਇਆ
ਕਬਰਾਂ ਦੀ ਚੁੱਪ ਨੂੰ
ਜੀਵਨ ਬੋਲ ਨਜ਼ਰ ਆਇਆ
ਖੋਲ ਨੂੰ ਰੂਹ
ਰੂਹ ਨੂੰ ਖੋਲ ਦਾ ਸੱਚ ਸਮਝ ਆਇਆ
ਢਹਿ ਗਈਆਂ
ਦੁਆਲੇ ਉਸਾਰੀਆਂ ਕੰਧਾਂ
ਚੜ੍ਹਿਆ ਦਿਲ ਦੇ ਵਿਹੜੇ
ਦਿਲ ਦਾ ਚੰਨ ਨਜ਼ਰ ਆਇਆ

–0–

ਸੁੱਖਾਂ ਭੁਲਾਇਆ ਸੀ
ਦੁੱਖਾਂ ਯਾਦ ਕਰਵਾਇਆ ਹੈ
ਹੰਢਾਅ ਕੇ ਚੁੱਪ ਕਬਰਾਂ ਦੀ
ਜੀਵਨ ਪੱਲ ਪਾਇਆ ਹੈ
ਜੋ ਬਣ ਕੇ ਵਰ ਮਹਿਕਾਉਂਦਾ
ਲਹੂ 'ਚ ਸਮਾਇਆ ਹੈ
ਦਿਲ 'ਚ ਵੱਸਿਆ ਹੈ
ਨਜ਼ਰਾਂ 'ਚ ਛਾਇਆ ਹੈ

ਮੇਰੇ ਚਿਹਰੇ ਚੋਂ ਮੈਨੂੰ
ਤੇਰਾ ਚਿਹਰਾ ਵਿਖਾਇਆ ਹੈ

-0-

ਤੇਰਾ ਦੀਦਾਰ ਪਾ ਲਿਆ
ਤੈਨੂੰ ਸਿਮਰਿਆ ਧਿਆ ਲਿਆ
ਜੀਵਨ ਭਰਮ ਮਿਟਾ ਲਿਆ
ਆਪਣਾ ਸੱਚ ਪਾ ਲਿਆ
ਤੈਨੂੰ ਯਾਦ ਕਰਨ ਦੀ
ਦੁੱਖ 'ਚ ਸ਼ਕਤੀ ਮਹਾਨ ਹੈ
ਅਸਲ ਦੁੱਖ ਹੀ ਸੁੱਖ ਦਾ ਪ੍ਰਾਣ ਹੈ
ਤੇਰੀ ਤੂੰ ਹੀ ਮੇਰੀ ਪਹਿਚਾਣ ਹੈ

ਐਸੀਆਂ ਘੜੀਆਂ 'ਚ
ਬੜਾ ਯਾਦ ਆਇਆ ਤੂੰ
ਅੱਥਰੂ ਬਣ ਕੇ ਨੈਣਾਂ 'ਚ
ਉਤਰ ਆਇਆ ਤੂੰ

-----

## ਐ ਮੇਰੇ ਮਹਿਬੂਬ

*(ਗੁਰਬਾਣੀ ਤੋਂ ਪ੍ਰਭਾਵਤ ਹੋ ਕੇ)*

ਸਾਰੀਆਂ ਪੈਂਤੀ ਅੱਖਰੀਆਂ
ਜੇ ਇਕੱਠੀਆ ਕਰ ਲਵਾਂ
ਬ੍ਰਹਿਮੰਡਾਂ ਜਿੱਡੇ ਅਰਥ
ਜੇ ਮੁੱਠਾਂ 'ਚ ਫੜ ਲਵਾਂ
ਤਾਂ ਵੀ
ਤੇਰ਼ੀ ਸੁੰਦਰਤਾ
ਬਿਆਨ ਕਰ ਸਕਦਾ ਨਹੀਂ
ਇਕ ਝਲਕ ਤੇਰੇ ਜਲਵੇ ਦੀ ਵੀ
ਫੜ ਸਕਦਾ ਨਹੀਂ

–0–

ਸਾਰੇ ਸਾਗਰ
ਜੇ ਸਿਹਾਈ ਬਣ ਜਾਵਣ
ਸਾਰੇ ਰੁੱਖ
ਜੇ ਕਲਮਾਂ ਹੋ ਜਾਵਣ
ਅੰਬਰਾਂ ਦੇ ਅੰਬਰ
ਰੂਪ ਕਾਗ਼ਜ਼ ਦਾ ਧਾਰਨ
ਤਾਂ ਵੀ ਤੇਰੇ ਕੰਵਲ ਨੈਣਾਂ
ਹਾਸਿਆਂ ਅੰਗਾਂ ਤੇ ਨਕਸ਼ਾਂ ਦਾ
ਤੇਰੀ ਖ਼ੁਸ਼ਬੂ ਘੁੰਗਰਾਲੇ ਵਾਲਾਂ
ਤੇ ਰੰਗਾਂ ਦਾ
ਤੇਰੀਆਂ ਅਦਭੁੱਤ ਚਾਲਾਂ ਤੇ ਅਦਾਵਾਂ ਦਾ ਲੇਖਾ
ਲਿਖਿਆ ਜਾ ਨਹੀਂ ਸਕਦਾ

ਕਿਸੇ ਵੀ ਨਜ਼ਰ 'ਚ
ਤੇਰਾ ਮੱਖਣਈ ਰੂਪ ਸਮਾ ਨਹੀਂ ਸਕਦਾ

-0-

ਕਰੋੜਾਂ ਸੂਰਜਾਂ ਦਾ ਤੇਜ਼
ਤੈਨੂੰ ਭਾਅ ਨਹੀਂ ਸਕਦਾ
ਸੁਰ ਸਾਜ਼ ਸੰਗੀਤ ਦਾ ਸਾਗਰ
ਤੇਰੀ ਮਹਿਮਾ ਗਾ ਨਹੀਂ ਸਕਦਾ
ਅਰਬਾਂ ਅੱਗਾਂ ਦਾ ਤਾਅ
ਤੇਰਾ ਨਿੱਘ ਦਰਸਾ ਨਹੀਂ ਸਕਦਾ
ਸਾਰਾ ਜਲ ਕਾਇਨਾਤ ਦਾ
ਤੇਰੀ ਸੀਤਲਤਾ ਪਾ ਨਹੀਂ ਸਕਦਾ

-0-

ਤੇਰੇ ਇਸ਼ਾਰੇ ਬੋਲ
ਤੇ ਨੈਣਾਂ ਦੇ ਦੁਆਰੇ
ਤੇਰਾ ਜੋਬਨ ਮਸਤੀ
ਨੂਰੀ ਦੇਹ ਦੀ ਹਸਤੀ
ਤੇਰਾ ਭਰਿਆ ਭਰਿਆ ਆਪਾ
ਕਲਪਨਾ ਵੀ ਦਰਸਾ ਨਹੀਂ ਸਕਦੀ
ਸਮੇਂ ਦੀ ਨਿਰੰਤਰਤਾ
ਤੇਰਾ ਅਥਾਹ ਪਾ ਨਹੀਂ ਸਕਦੀ

-0-

ਤੇਰਾ ਧੋਇਆ ਧੋਇਆ
ਪੁਣਿਆ ਪੁਣਿਆ
ਕਿਰਨਈ ਰੇਸ਼ਮੀ ਪਿੰਡਾ
ਸੱਚ ਸੁੰਦਰਤਾ ਕਲਿਆਣ ਦਾ ਜੁੱਸਾ

ਚੇਤਨ ਅਵਚੇਤਨ ਮਨ ਬੁੱਧੀ ਦੇ
ਘੇਰੇ ਵਿਚ ਆ ਨਹੀਂ ਸਕਦਾ
ਅਰਬਾਂ ਸਾਲ ਕੋਈ ਨਜ਼ਰ
ਬੇਸ਼ਕ ਰਹੇ ਨਿਹਾਰਦੀ ਤੈਨੂੰ
ਤੇਰਾ ਤੁਸੱਵਰ ਕਰ ਨਹੀਂ ਸਕਦੀ
ਤੇਰਾ ਬੁੱਤ ਬਣਾ ਨਹੀਂ ਸਕਦੀ

–0–

ਤੂੰ ਮਹਿਬੂਬ ਹੈਂ ਮੇਰਾ
ਲਹੂ 'ਚ ਗਿੜਦਾ ਹੈਂ
ਨਸ ਨਸ 'ਚ ਵਸਦਾ ਹੈਂ
ਪ੍ਰਾਣਾਂ 'ਚ ਵਹਿੰਦਾ ਹੈਂ
ਉੱਠਦਾ ਤੇ ਬਹਿੰਦਾ ਹੈਂ
ਹਰ ਵੇਲੇ ਦਿਲ 'ਚ ਧੜਕਦਾ ਹੈਂ
ਨਜ਼ਰਾਂ 'ਚ ਰਹਿੰਦਾ ਹੈਂ
ਫਿਰ ਵੀ
ਤੇਰੇ ਚਿਹਰੇ ਦੇ ਜਲਾਲ ਚੋਂ
ਤੇਰੇ ਨਕਸ਼ ਪਹਿਚਾਣ ਨਹੀਂ ਸਕਦਾ
ਤੇਰੇ ਅੰਗਾਂ ਦੀਆਂ ਗੋਲਾਈਆਂ
ਜਾਣ ਨਹੀਂ ਸਕਦਾ
ਤੇਰੇ ਸਾਵੇਂ
ਮੇਰਾ ਸਭ ਕੁੱਝ ਠਰ ਜਾਂਦਾ ਹੈ
ਤੂੰ ਜਦ ਰੂ-ਬ-ਰੂ ਹੁਨੈਂ
ਤੈਨੂੰ ਵੇਖਣ ਵਾਲਾ ਮੇਰੇ ਚੋਂ ਮਰ ਜਾਂਦਾ ਹੈ

–0–

ਤੈਨੂੰ ਵੇਖਣ ਵਾਲਾ
ਤੇਰੀ ਰਹਿਮਤ ਮੇਰੇ 'ਚ ਧਰਦੀ ਹੈ
ਆਪਣੇ ਜਲਵੇ ਦੇ ਹਾਣ ਬਰਾਬਰ
ਮੇਰੀ ਮਿੱਟੀ ਨੂੰ ਕਰਦੀ ਹੈ
ਤੂੰ ਮਹਿਬੂਬ ਹੈਂ
ਮੈਂ ਬੱਸ ਤੈਨੂੰ ਵੇਖਣ ਦੀ ਤ੍ਰਿਸ਼ਨਾ ਹਾਂ
ਤੂੰ ਸਾਗਰ ਹੈਂ
ਮੈਂ ਹੰਝੂਆਂ ਦੀ ਬਾਰਿਸ਼ ਹਾਂ
ਇਹ ਹੰਝੂ ਮੇਰਾ ਮੈਲਾ ਧੋਂਦੇ
ਤੇਰੇ ਜਲ ਬਰਾਬਰ ਕਰ ਜਾਂਦੇ ਹਨ
ਮੇਰੇ ਹੰਝੂਆਂ ਦੇ ਪਿੰਡੇ
ਤੇਰਾ ਸਾਗਰ ਧਰ ਜਾਂਦੇ ਹਨ

-0-

ਸਾਰੀਆਂ ਪੈਂਤੀ ਅੱਖਰੀਆਂ
ਜੇ ਇਕੱਠੀਆ ਕਰ ਲਵਾਂ
ਬ੍ਰਹਿਮੰਡਾਂ ਜਿੱਡੇ ਅਰਥ
ਜੇ ਮੁੱਠਾਂ 'ਚ ਫੜ ਲਵਾਂ
ਤਾਂ ਵੀ
ਤੇਰੀ ਸੁੰਦਰਤਾ
ਬਿਆਨ ਕਰ ਸਕਦਾ ਨਹੀਂ
ਇਕ ਝਲਕ ਤੇਰੇ ਜਲਵੇ ਦੀ ਵੀ
ਫੜ ਸਕਦਾ ਨਹੀਂ

------

## ਤੂੰ

ਸੱਚ ਸੁੰਦਰ ਕਲਿਆਣ ਹੈਂ ਤੂੰ
ਸੱਚ ਸੁੰਦਰ ਕਲਿਆਣ ਦਾ
ਸਿਰਜਣਹਾਰ ਹੈਂ ਤੂੰ
ਆਪੇ ਅੰਕੁਰ
ਆਪੇ ਆਪਣਾ ਵਿਸਥਾਰ ਹੈਂ ਤੂੰ

–0–

ਮੈਂ ਤੈਨੂੰ ਤੱਕਣ ਦਾ
ਇਕ ਜ਼ਰੀਆ ਹਾਂ
ਤੂੰ ਮੇਰੇ ਚੋਂ ਤੱਕਣ ਵਾਲਾ ਆਪ ਹੈਂ
ਅੱਖ ਨੂੰ ਨਜ਼ਰ ਆਉਂਦਾ
ਆਪਣਾ ਸੱਚ ਆਪ ਹੈਂ
ਜੇ ਤੂੰ ਮੇਰੇ ਵਿਚ ਨਹੀਂ
ਕਬਰ ਦੀ ਢੇਰੀ ਬਿਨਾਂ ਮੈਂ ਕੁੱਝ ਨਹੀਂ
ਤੂੰ ਹੈਂ ਤਾਂ ਮੁਰਦਿਆਂ ਵਿਚ ਜਾਨ ਹੈ
ਤੂੰ ਨਹੀਂ ਤਾਂ ਜ਼ਿੰਦਗੀ ਸ਼ਮਸ਼ਾਨ ਹੈ

–0–

ਤੂੰ ਹੈਂ ਮੁਕੰਮਲ
ਮੈਂ ਨਾ ਆਪ ਹਾਂ
ਨਾ ਆਪਣੇ ਆਪਦਾ ਹਾਂ
ਮੇਰੇ 'ਚ ਤੇਰੀ ਹੋਂਦ ਚਾਨਣ ਕਰਦੀ ਹੈ
ਮੇਰਾ ਹਨ੍ਹੇਰ ਹਰਦੀ ਹੈ
ਮੇਰੀ ਮੈਂ ਚੋਂ
ਤੇਰੀ ਤੂੰ ਪ੍ਰਗਟਦੀ ਹੈ

ਤਾਂ ਮੈਂ ਜਾਣਦਾ ਹਾਂ
ਮੈਂ ਕੀ ਹਾਂ ਮੈਂ ਕੌਣ ਹਾਂ
ਮੇਰੀ ਹੋਂਦ ਸੱਚ ਤੇ ਸ਼ਨਾਖ਼ਤ ਕੀ ਹੈ
ਮੇਰੇ ਕਲਬੂਤ 'ਚ
ਕਿਸ ਦਾ ਵਸੇਰਾ ਹੈ
ਕੀ ਭਰਮ ਤੇ ਕੀ ਸੱਚ ਮੇਰਾ ਹੈ

-0-

ਤੂੰ ਮੇਰੇ 'ਚ ਰਹਿ ਕੇ
ਆਪਣਾ ਜਲਵਾ
ਮੇਰੇ ਚੋਂ ਵਿਖਾਉਂਦਾ ਹੈਂ
ਤੂੰ ਅੰਦਰ ਵੀ ਬਾਹਰ ਵੀ
ਤੂੰ ਹਰ ਥਾਂ ਨਜ਼ਰ ਆਉਂਦਾ ਹੈਂ
ਮਿਹਰ ਕਰ
ਮੈਂ ਤੇਰੀ ਤੂੰ ਨੂੰ ਪੂਜਦਾ ਸਿਮਰਦਾ ਰਹਾਂ
ਤੇਰੇ ਚਾਨਣ ਸੰਗ ਆਪਾ ਭਰਦਾ ਰਹਾਂ
ਲੱਖ ਤੂਫ਼ਾਨ ਹਨ੍ਹੇਰੀਆਂ ਆਵਣ
ਤੇਰੀ ਲਗਨ 'ਚ ਜਗਦਾ ਰਹਾਂ
ਜਗ ਨੂੰ ਦੱਸਦਾ ਰਹਾਂ
ਤੂੰ ਸੱਚ ਸੁੰਦਰ ਕਲਿਆਣ ਹੈਂ
ਸੱਚ ਸੁੰਦਰ ਕਲਿਆਣ ਦਾ
ਸਿਰਜਣਹਾਰ ਹੈਂ
ਆਪੇ ਅੰਕੁਰ
ਆਪੇ ਆਪਣਾ ਵਿਸਥਾਰ ਹੈ

-----

## ਤੇਰਾ ਪਾਉਣਾ

ਤੂੰ ਬ੍ਰਹਿਮੰਡ ਦੀ ਉਹ ਲੋਅ ਹੈਂ
ਤੇਰੀ ਲੋਅ ਦਾ ਕਿਣਕਾ ਮੈਂ ਉਹ ਹਾਂ
ਜੋ ਤੇਰੇ 'ਚ ਜਿੰਨਾ ਉਤਰਿਆ
ਤੂੰ ਓਨਾ ਹੀ ਵਧਦਾ ਗਿਆ
ਫੈਲਦਾ ਗਿਆ
ਮੈਂ ਤੇਰਾ ਆਦਿ ਅੰਤ
ਜਾਣ ਨਾ ਸਕਿਆ
ਤੇਰਾ ਅਕਾਰ ਚਿਹਰਾ
ਪਹਿਚਾਣ ਨਾ ਸਕਿਆ

-0-

ਪਰ ਮੈਂ ਜਦ ਕਦੀ
ਜੀਵਨ ਮਾਰਗ ਤੋਂ ਭਟਕਦਾ ਹਾਂ
ਹਨ੍ਹੇਰੀਆਂ ਤੂਫ਼ਾਨਾਂ ਝੱਖੜਾਂ 'ਚ
ਘਿਰਦਾ ਹਾਂ ਬੁੱਝਣ ਲੱਗਦਾ ਹਾਂ
ਮੈਨੂੰ ਸੰਭਾਲਦਾ ਹੈਂ ਤੂੰ
ਬੁਝਦੇ ਦੀਵੇ ਨੂੰ ਬਾਲਦਾ ਹੈਂ ਤੂੰ

-0-

ਤੂੰ ਮੇਰੀ ਕਲਪਨਾ ਸੁਰਤੀ 'ਚ
ਸਮਾ ਨਹੀਂ ਸਕਦਾ
ਮੈਂ ਤੇਰਾ ਸੱਚ ਪਾ ਨਹੀਂ ਸਕਦਾ
ਪਰ ਇਹ ਸੱਚ ਹੈ
ਮੈਂ ਮੁਨਕਰ ਨਹੀਂ

ਮੇਰੀ ਜ਼ਿੰਦਗੀ ਦਾ ਚਿਰਾਗ਼
ਤੇਰੇ ਹੱਥਾਂ ਦੀ ਬੁੱਕਲ 'ਚ ਬਲਦਾ ਹੈ
ਜੋ ਸੂਰਜ ਮੇਰੇ ਮੱਥੇ 'ਚ ਡੁੱਬਦਾ ਹੈ
ਤੇਰੇ ਕਦਮਾਂ ਚੋਂ ਚੜ੍ਹਦਾ ਹੈ
ਮੈਨੂੰ ਤੇਰੀ ਪਹਿਚਾਣ ਨਹੀਂ
ਤੂੰ ਬੇਸ਼ੱਕ ਅਜ਼ਨਬੀ ਹੈਂ ਮੇਰੇ ਲਈ
ਪਰ ਮੈਂ ਪਰਾਇਆ ਨਹੀਂ ਤੇਰੇ ਲਈ
ਮੇਰਾ ਆਦਿ ਅੰਤ
ਸਭ ਤੇਰੀ ਨਿਗ੍ਹਾ 'ਚ ਹੈ
ਮੇਰਾ ਹਰ ਕਦਮ
ਤੇਰੀ ਰਾਹ 'ਚ ਹੈ

-0-

ਮੇਰੀ ਅੱਖ 'ਚ
ਬੇਸ਼ੱਕ ਤੇਰੇ ਮਿਲਣ ਦਾ ਸਰੂਰ ਨਹੀਂ
ਪਰ ਲੱਗਦਾ ਹੈ
ਮੈਂ ਤੇਰੇ ਤੋਂ ਦੂਰ ਹਾਂ
ਤੂੰ ਮੇਰੇ ਤੋਂ ਦੂਰ ਨਹੀਂ
ਤੂੰ ਆਪਣਾ ਹੈਂ ਪਰਾਇਆ ਨਹੀਂ
ਤੂੰ ਦੇਹ ਦਾ ਸੱਚ ਹੈਂ ਸਾਇਆ ਨਹੀਂ
ਪਰਾਏ
ਕਦ ਬਲਦੇ ਘਰਾਂ ਦੀਆਂ ਅੱਗਾਂ
ਬੁੱਝਾਉਂਦੇ ਹਨ
ਅਜ਼ਨਬੀ
ਕਦ ਰੋਂਦੇ ਬਾਲਾਂ ਨੂੰ ਵਰਾਂਦੇ ਹਨ
ਅਜ਼ਨਬੀ ਕਦ ਪੱਥਰਾਂ ਨੂੰ
ਸਿਰ ਅੱਖਾਂ ਤੇ ਪੈਰ ਲਾਉਂਦੇ ਹਨ

ਅਜ਼ਨਬੀ
ਕਦ ਰਹਿਮਤਾਂ ਤੇ ਨਿਹਮਤਾਂ ਦੇ
ਮੀਂਹ ਬਰਸਾਉਂਦੇ ਹਨ

-0-

ਤੂੰ ਮੇਰਾ ਹੀ ਹੈਂ ਕੋਈ
ਜੋ ਹਰ ਮੁਸੀਬਤ 'ਚ
ਮੇਰੇ ਸੰਗ ਖਲੋਂਦਾ ਹੈਂ
ਮੇਰੇ ਤੇ ਆਪਣੇ ਵਿਚਲਾ
ਪਰਦਾ ਹਟਾਉਂਦਾ ਹੈਂ
ਮੈਨੂੰ ਉਂਗਲੀ ਲਾ
ਆਪਣੇ ਘਰ ਲੈ ਜਾਂਦਾ ਹੈਂ
ਮਿੱਠੀ ਲੋਰੀ ਸੁਣਾਉਂਦਾ ਹੈਂ
ਗੋਦੀ ਵਿਚ ਸੁਲਾਉਂਦਾ ਹੈਂ

-0-

ਤੇਰੀ ਗੋਦ ਚੋਂ
ਜਦ ਬਾਹਰ ਆਉਂਦਾ ਹਾਂ
ਤੈਨੂੰ ਵਿਸਰ ਜਾਂਦਾ ਹਾਂ
ਵਿਛੋੜੇ 'ਚ ਉਮਰਾਂ ਲੰਘਾਉਂਦਾ ਹਾਂ
ਜ਼ਿੰਦਗੀ ਦਾ ਸਫ਼ਰ ਮੁਕਾਉਂਦਾ ਹਾਂ
ਜਿਉਂਦੇ ਜੀਅ
ਤਾਂ ਤੈਨੂੰ ਪਾ ਨਹੀਂ ਸਕਿਆ
ਮਰ ਕੇ ਪਾ ਗਿਆ ਹਾਂ ਮੈਂ
ਲੋਕ ਝੂਠ ਕਹਿੰਦੇ ਹਨ
ਮਰ ਕੇ ਵੀ ਕੋਈ ਤੈਨੂੰ ਪਾਉਂਦਾ ਹੈ
ਮੋਇਆਂ ਨੂੰ ਕਦ ਨਜ਼ਰ ਆਉਂਦਾ ਹੈ

------

# ਬੱਦਲ ਤੇ ਬੰਦਾ

ਬੱਦਲ ਸਮੁੰਦਰ ਮੋਢੀਂ ਚੁੱਕ
ਅੰਬਰ ਦੇ ਵਿਚ ਘੁੰਮ ਰਿਹਾ ਹੈ
ਆਪਣੀ ਪ੍ਰਕਰਮਾਂ ਕਰ ਰਿਹਾ ਹੈ
ਵਰ੍ਹਨ ਲਈ ਮਰਜ਼ੀ ਦੀ ਧਰਤੀ
ਲੱਭਦਾ ਲੱਭਦਾ ਘੁੰਮ ਰਿਹਾ ਹੈ
ਜਦ ਬੱਦਲ ਨੂੰ
ਪਿਆਸੀ ਧਰਤੀ ਦਾ
ਕੋਈ ਟੁੱਕੜਾ ਨਜ਼ਰੀਂ ਆਇਆ
ਹਵਾ ਨੇ ਉਸੇ ਵੇਲੇ ਬੱਦਲ ਨੂੰ
ਸਾਗਰ ਦਾ ਮੁੱਖ ਵਿਖਾਇਆ

-0-

ਬੱਦਲ
ਭਰੇ ਹੋਏ ਸਾਗਰ ਨੂੰ
ਆਪਣੇ ਜਲ ਸੰਗ ਹੋਰ ਨਹੀਂ
ਭਰਨਾ ਚਾਹੁੰਦਾ
ਆਪਣੀ ਮਰਜ਼ੀ ਤੋਂ ਬਿਨਾਂ
ਹਵਾ ਦੀ ਮਰਜ਼ੀ ਨਾਲ ਨਹੀਂ ਵਰ੍ਹਨਾ ਚਾਹੁੰਦਾ

-0-

ਬੱਦਲ ਚਾਹੁੰਦਾ ਹੈ
ਕਿਸੇ ਪਿਆਸੇ ਖੇਤ ਤੇ ਵਰ੍ਹਨਾ
ਕਿਸੇ ਔੜਾਂ ਮਾਰੀ ਧਰਤੀ ਦਾ
ਪਿੰਡਾ ਤਰਨਾ
ਸੁੱਕਿਆਂ ਨੂੰ ਹਰਿਆ ਕਰਨਾ

ਜਾਂ ਵਰ੍ਹ ਕੇ ਸਹਿਰਾਂ ਦੇ ਪਿੰਡੇ
ਸਹਿਰਾ ਕੁੱਖੇ ਸਾਗਰ ਧਰਨਾ

-0-

ਮੈਂ ਬੱਦਲ
ਇਨਸਾਨ ਵੀ ਹਾਂ
ਜਿਨ੍ਹੀਂ ਰਾਹੀਂ ਤੁਰਨਾ ਨਹੀਂ ਚਾਹੁੰਦਾ
ਜੀਵਨ ਮੈਨੂੰ ਤੋਰ ਰਿਹਾ ਹੈ
ਕਿਤੇਂ ਜੋ ਪਹੁੰਚਣ ਨਾ ਦਿਸ਼ਾਵਾਂ
ਉਨ੍ਹਾਂ ਦੇ ਵੱਲ ਮੋੜ ਰਿਹਾ ਹੈ
ਪ੍ਰਕਿਰਤੀ ਵਿਚ ਬੱਦਲ ਨੂੰ
ਮਰਜ਼ੀ ਨਾਲ ਵਰ੍ਹਨ ਦਾ ਹੱਕ ਨਹੀਂ
ਵੰਸਤੂ ਜੰਗਤ 'ਚ ਮਨੁੱਖ ਨੂੰ
ਆਪਣੇ ਸੰਗ ਤੁਰਨ ਦਾ ਹੱਕ ਨਹੀਂ

-0-

ਵਰ੍ਹਨ ਲਈ ਬੱਦਲ
ਹਵਾ ਮੁਥਾਜ਼ੀ ਤੋਂ ਅਜ਼ਾਦ ਨਹੀਂ
ਜੰਗਤ 'ਚ ਬੰਦਸ਼ਾਂ ਬਿਨ
ਮਾਨਵ ਅਬਾਦ ਨਹੀਂ
ਪ੍ਰਕਿਰਤੀ 'ਚ ਬੱਦਲ ਨੂੰ
ਧਰਤੀ ਤੇ ਮਨੁੱਖ ਨੂੰ
ਆਪਣਾਂ ਆਪਾ ਬੀਜਣ ਖ਼ਾਤਰ
ਪਲ ਪਲ ਮਰਨਾ ਪੈਂਦਾ ਹੈ
ਅੰਨ੍ਹ ਉੱਗਾਉਣ ਲਈ ਬੱਦਲ ਨੂੰ
ਸੁਤਤਰਤਾ ਲਈ ਮਾਨਵ ਨੂੰ
ਸਿਰ ਤਲੀ ਤੇ ਧਰਨਾ ਪੈਂਦਾ ਹੈ

-0-

ਬੱਦਲ ਕਈ ਵਾਰੀ
ਆਪਣੀ ਮਰਜ਼ੀ ਦੇ ਵਿਪਰੀਤ
ਵਰ੍ਹਨ ਦੀ ਖ਼ਾਤਰ
ਹਵਾ ਦੀ ਸੂਲੀ ਚੜ੍ਹ ਜਾਂਦਾ ਹੈ
ਆਪਣੇ ਜਲ ਨਾਲ ਭਰਿਆ ਭਰਿਆ
ਆਪਣੀ ਪਿਆਸ 'ਚ ਮਰ ਜਾਂਦਾ ਹੈ

-0-

ਬੰਦਾ ਕਈ ਵਾਰੀ
ਆਪਣਾ ਆਪ ਜਿਉਣ ਦੀ ਖ਼ਾਤਰ
ਅੱਗ ਦਾ ਸਾਗਰ ਤਰ ਜਾਂਦਾ ਹੈ
ਤੱਪਦੀ ਦੁਨੀਆਂ ਠਾਰਨ ਖ਼ਾਤਰ
ਆਪਣੇ ਆਪ 'ਚ ਸੜ ਜਾਂਦਾ ਹੈ

-0-

ਨਾਂ ਪੌਣਾਂ ਬੱਦਲ ਨੂੰ
ਲੋੜਵੰਦਾਂ ਤੱਕ ਅੱਪੜਣ ਦਾ
ਰਾਹ ਹੀ ਦੇਵਣ
ਨਾ ਸਮਾਜਕ ਉੱਚੀਆਂ ਕੰਧਾਂ
ਆਪਣੇ ਆਪ ਤੋਂ ਬਾਹਰ
ਬੰਦੇ ਨੂੰ ਝਾਕਣ ਦੇਵਣ
ਬਾਹਰ ਝਾਕਣ ਦੀ ਖ਼ਾਤਰ
ਬੰਦਾ ਦੀਵਾਰਾਂ ਹੇਠਾਂ ਆ ਜਾਂਦਾ ਹੈ
ਜਗਦਾ ਜਗਦਾ
ਆਪਣਾ ਆਪ ਬੁਝਾ ਜਾਂਦਾ ਹੈ

-0-

ਆਪਣੇ ਰਾਹ ਤੋਂ ਵੱਖਰਾ ਰਾਹ
ਨਾ ਸਮਾਜ ਮਨੁੱਖ ਨੂੰ ਦਿੰਦਾ
ਨਾ ਬੱਦਲ ਨੂੰ ਦਿੰਦੀਆਂ ਪੌਣਾਂ
ਕਰ ਦਿੰਦੀਆਂ
ਸਿਰ ਧੜ ਤੋਂ ਵੱਖਰਾ
ਵਿਪਰੀਤ ਉੱਠਣ ਜੇ ਧੌਣਾਂ
ਆਪਣੀ ਮਰਜ਼ੀਂ ਨਾਲ ਨਾ
ਬੱਦਲ ਵਰ੍ਹ ਸਕਦਾ ਹੈ
ਆਪਣੀ ਮਰਜ਼ੀ ਨਾਲ ਨਾ ਬੰਦਾ
ਇਕ ਕਦਮ ਵੀ ਚਲ ਸਕਦਾ ਹੈ
ਬੱਦਲ ਲਈ ਹਵਾ ਸੱਤਾ ਹੈ
ਬੰਦੇ ਲਈ ਸੱਤਾ ਹਵਾ ਹੈ
ਬੰਦੇ ਤੇ ਬੱਦਲ ਨੂੰ ਦੱਸਦੀ
ਜੀਵਨ ਜਿਉਣ ਦਾ ਜੋ ਰਾਹ ਹੈ

-----

## ਪਿੰਜਰੇ ਦਾ ਪੰਛੀ

ਤੂੰ
ਮੇਰੇ ਖੰਭ ਕੁਤਰੇ
ਪਿੰਜਰੇ 'ਚ ਪਾ ਦਿੱਤਾ
ਆਪਣੇ ਲਾਲਚ ਲਈ
ਕਿ ਮੈਂ ਉੱਡ ਨਾ ਜਾਵਾਂ
ਤੇਥੋਂ ਦੂਰ ਤੁਰ ਨਾ ਜਾਵਾਂ

-0-

ਪਰ ਤੂੰ ਭੁੱਲ ਗਈ
ਮੈਂ ਜਦ ਅੰਬਰੀਂ ਉੱਡਦਾ ਸਾਂ
ਧਰਤ ਕੱਛਦਾ ਸਾਂ
ਜੰਗਲਾਂ ਪਹਾੜਾਂ ਨਦੀਆਂ
ਦਰਿਆਵਾਂ ਸਾਗਰਾਂ 'ਚ ਵਿਚਰਦਾ ਸਾਂ
ਨਵੇਂ ਰੰਗ ਸੱਜਰੀਆਂ ਖ਼ੁਸ਼ਬੂਆਂ
ਤੇਰੇ ਲਈ ਲੈ ਕੇ ਆਉਂਦਾ ਸਾਂ
ਕੁਦਰਤ ਦਾ ਤੈਨੂੰ ਅੰਤਾਕਰਨ
ਵਿਖਾਉਂਦਾ ਸਾਂ

-0-

ਹੁਣ ਸਿਰਫ਼
ਮੇਰੇ ਲਹੂ ਦੀ ਗੰਧ ਹੀ
ਤੈਨੂੰ ਮੇਰੇ ਚੋਂ ਆਵੇਗੀ
ਤੂੰ ਮੇਰੀ ਗੰਧ ਚੋਂ
ਨਵੇਂ ਰੰਗ ਸੱਜਰੀਆਂ ਖ਼ੁਸ਼ਬੂਆਂ
ਭਾਲੇਂਗੀ

ਮੈਨੂੰ ਆਜ਼ਾਦ ਕਰੇਂਗੀ
ਮੇਰੇ ਖੰਭਾਂ 'ਚ ਪ੍ਰਵਾਜ਼ ਧਰੇਂਗੀ

-0-

ਮੈਂ ਜਦ ਉੱਡ ਗਿਆ
ਫਿਰ ਵਾਪਿਸ ਨਹੀਂ ਆਵਾਂਗਾ
ਤੇਰੀ ਸੋਨੇ ਦੀ ਨਗਰੀ 'ਚ
ਪੈਰ ਨਹੀਂ ਪਾਵਾਂਗਾ
ਤੂੰ ਖ਼ਾਲੀ ਪਿੰਜਰੇ ਕੋਲ
ਜਦ ਵੀ ਆਵੇਂਗੀ
ਹੌਕੇ ਭਰੇਂਗੀ ਅੱਥਰੂ ਵਹਾਵੇਂਗੀ
ਗੱਲਾਂ ਪਿੰਜਰੇ ਨਾਲ ਕਰੇਂਗੀ
ਆਪਣੀ ਕਰਨੀ 'ਚ ਹੀ
ਡੁੱਬ ਡੁੱਬ ਮਰੇਂਗੀ

-0-

ਪੰਛੀ ਦੀ ਥਾਂ
ਪਿੰਜਰੇ 'ਚ
ਆਪਣੇ ਖੰਭ ਕੁਤਰ ਕੇ
ਆਪਾ ਧਰੇਂਗੀ
ਮੇਰਾ ਦਰਦ
ਜਦ ਆਪਣੇ ਪਿੰਡੇ ਤੇ ਜਰੇਂਗੀ
ਆਪਣੇ ਗਲ ਲਗ ਕੇ ਰੋਵੇਂਗੀ
ਆਪਣੇ ਜ਼ੁਲਮ
ਤੇ ਮੇਰੇ ਬੇਦੋਸ਼ੇਪਣ ਦੀ ਅੱਗ 'ਚ ਸੜੇਂਗੀ

-0-

ਤੇਰਾ ਲਾਲਚ
ਤੇਰੇ ਸਾਵੇਂ ਖਿੱੜ ਖਿੱੜ ਹੱਸੇਗਾ
ਤੇਰੀ ਦੇਹ ਨੂੰ
ਕਬਰਾਂ ਦਾ ਰਾਹ ਦੱਸੇਗਾ
ਤੂੰ ਆਪਣੀ ਜੋਤ ਬੁੱਝਾ ਲਵੇਂਗੀ
ਕ਼ਬਰਾਂ 'ਚ ਜਾ ਰਹੇਂਗੀ

-0-

ਬਰਾਂਡੇ 'ਚ਼ ਲਟਕਦਾ ਪਿੰਜਰਾ
ਤੇਰੀ ਲੋਭੀ ਕਥਾ
ਮੌਸਮਾਂ ਬਹਾਰਾਂ ਰੁੱਤਾਂ ਨੂੰ ਕਹੇਗਾ
ਤੂੰ ਨਹੀਂ ਰਹਿਣਾ
ਨਾ ਪੰਛੀ ਨੇ ਮੁੜਣਾ ਹੈ
ਤੇਰੀ ਲੋਭੀ ਕ਼ਥਾ ਦਾ ਸੱਚ
ਜਿਉਂਦਾ ਰਹੇਗਾ

-0-

ਤੂੰ ਖੰਭ ਕੁਤਰ ਕੇ ਮੇਰੇ
ਪਿੰਜਰੇ 'ਚ ਪ਼ਾ ਦਿੱਤਾ
ਆਪਣੇ ਲਾਲਚ ਲਈ
ਕਿ ਮੈਂ ਉੱਡ ਨਾ ਜਾਵਾਂ
ਤੇਥੋਂ ਦੂਰ ਤੁਰ ਨਾ ਜਾਵਾਂ

-----

## ਸ਼ਹਿਜ਼ਾਦੀ

ਇਸ਼ਕ
ਕੀ ਲਾਈ ਹੁਸਨ ਨੂੰ ਉਂਗਲੀ
ਹੁਸਨ ਛੱਡ ਕੇ ਮਹਿਲ ਮਾੜੀਆਂ
ਸੋਨੇ ਦੇ ਦਲਾਨ ਬੂਹੇ ਬਾਰੀਆਂ
ਤਖ਼ਤ ਰਾਜ ਦਰਬਾਰ
ਅਹਿਲਕਾਰ ਫੌਜਾਂ ਭਾਰੀਆਂ
ਇਸ਼ਕ ਲਈ ਸਭ ਕੁਰਬਾਨ
ਕਰ ਗਿਆ
ਇਸ਼ਕ ਦੇ ਮਾਰੇ ਹੁਸਨ ਨੇ
ਸਿਰ ਤਲੀ ਤੇ ਧਰ ਲਿਆ

-0-

ਹੁਸਨ
ਰਾਜ ਦਰਬਾਰ ਐਸ਼ੋ ਇਸ਼ਰਤ ਤਿਆਗ
ਗਲੀਆਂ ਦਾ ਕੱਖ ਹੋ ਗਿਆ
ਆਪਣੇ ਤੋਂ ਵੱਖ ਹੋ ਗਿਆ
ਕਬਰਾਂ ਦੀ ਚੁੱਪ
ਖੰਡਰਾਂ ਦਾ ਰੂਪ ਹੋ ਗਿਆ
ਰੰਕ ਸਰੂਪ ਹੋ ਗਿਆ

-0-

ਪਿੱਛਾ
ਬਹੁਤ ਪਿੱਛੇ ਰਹਿ ਗਿਆ
ਅੱਗੇ ਕੁੱਝ ਨਜ਼ਰ ਨਾ ਆਇਆ
ਇਸ਼ਕ ਨੇ ਵਾਂਗ ਕੰਜਰੀ ਹੁਸਨ ਨੂੰ

ਗਲੀਉਂ ਗਲੀ ਨਚਾਇਆ
ਨਾ ਝਲਕ ਵੇਖੀ ਯਾਰ ਦੀ
ਨਾ ਦੀਦਾਰ ਹੀ ਪਾਇਆ
ਸੋਨੇ ਦੀ ਕਿਸਮਤ 'ਤੇ
ਸਮਾਂ ਮਿੱਟੀ ਦਾ ਆਇਆ

-0-

ਲਾ ਕੇ ਚਾਟ ਇਸ਼ਕੇ ਦੀ
ਛੱਡ ਕੇ ਤੁਰ ਗਿਆ ਕੋਈ
ਵਿੱਛਾ ਕੇ ਸੇਜ ਪਲਕਾਂ ਦੀ
ਰੁਲਾ ਕੇ ਤੁਰ ਗਿਆ ਕੋਈ
ਭੀਖ ਮੰਗਣ ਲਈ ਗਲੀਆਂ 'ਚ
ਬਿਠਾ ਕੇ ਤੁਰ ਗਿਆ ਕੋਈ
ਲਾ ਕੇ ਤੀਲ ਇਸ਼ਕੇ ਦੀ
ਸੂਰਜ ਚੁਰਾ ਕੇ ਤੁਰ ਗਿਆ ਕੋਈ

-0-

ਇਸ਼ਕ ਦੇ ਦੀਵਾਨੇ ਹੁਸਨ ਨੂੰ
ਲੋਕ ਪੱਥਰ ਵੀ ਮਾਰਦੇ
ਪਾਗਲ ਵੀ ਆਖ਼ਦੇ
ਹੰਝੂਆਂ 'ਚ ਡੋਬਦੇ ਅੱਗਾਂ 'ਚ ਸਾੜਦੇ
ਬੇਇੱਜ਼ਤ ਕਰਦੇ
ਬਦਨਾਮੀਆਂ ਦੇ ਖੂਹੀਂ ਉਤਾਰਦੇ
ਪਿਆਰ ਦੇ ਮਾਰਿਆਂ ਨੂੰ
ਨਫ਼ਰਤਾਂ ਦੀ ਸੂਲੀ ਚਾੜ੍ਹਦੇ
ਬੇਗੈਰਤੀ ਬਦਚਲਨੀ ਦਾ
ਇਲਜ਼ਾਮ ਧਰਦੇ

ਮਹਿਲਾਂ ਦੀ ਗ਼ੈਰਤ ਚੌਂਕਾਂ 'ਚ
ਨੰਗਿਆਂ ਕਰਦੇ
ਸ਼ਾਹੀ ਘਰਾਣੇ ਦੇ ਮੂੰਹ 'ਤੇ
ਕਾਲਖ਼ਾਂ ਮਲਦੇ

-0-

ਹੁਸਨ ਆਪੇ ਤਮਾਸ਼ਾ
ਆਪੇ ਤਮਾਸ਼ਾ ਵੇਖਣ ਵਾਲੀ
ਅੱਖ ਹੋਇਆ ਹੈ
ਇਸ਼ਕ ਪਿੱਛੇ
ਆਪਣੀ ਹੋਂਦ ਤੋਂ ਹੁਸਨ
ਜਦ ਵੀ ਵੱਖ ਹੋਇਆ ਹੈ
ਸਾਏ ਨੂੰ ਭਾਲਦਾ
ਦੇਹ ਦੇ ਗਲ ਲੱਗ ਰੋਇਆ ਹੈ

-0-

ਐ ਇਸ਼ਕ ਤੇਰਾ ਸ਼ੁਕਰੀਆ
ਤੂੰ ਹੁਸਨ ਨੂੰ
ਇਸ਼ਕ ਦੀ ਕੁਠਾਲੀ 'ਚ ਢਾਲਿਆ
ਤਖ਼ਤ ਦਾ ਸੱਚ
ਜੀਵਨ ਦਾ ਅਧੂਰਾ ਸੱਚ ਸੀ
ਤੂੰ ਹੁਸਨ ਨੂੰ
ਜੀਵਨ ਦਾ ਅਸਲ ਤੇ ਪੂਰਾ
ਸੱਚ ਵਿਖਾਇਆ
ਹੁਸਨ ਤੈਨੂੰ ਪ੍ਰਣਾਮ ਕਰਦਾ ਹੈ
ਪਹਿਲਾਂ ਪਿਆਰ ਕਰਦਾ ਸੀ
ਹੁਣ ਸਤਿਕਾਰ ਕਰਦਾ ਹੈ

-----

## ਜੀਅ ਰਿਹਾ ਹੈ

ਕੋਈ ਡੁੱਬ ਰਿਹਾ ਹੈ ਤਰਨ ਲਈ
ਕੋਈ ਤਰ ਰਿਹਾ ਹੈ ਮਰਨ ਲਈ
ਕੋਈ ਜੀਅ ਰਿਹਾ ਹੈ ਜ਼ਖ਼ਮ ਦੇਣ ਲਈ
ਕੋਈ ਮਰ ਰਿਹਾ ਹੈ ਮਲ੍ਹਮ ਧਰਨ ਲਈ
ਦੁਨੀਆਂ ਦਾ ਇਹ ਰੁਝਾਣ ਹੈ
ਜਿਸ ਚੋਂ ਗੁਜ਼ਰਦਾ
ਅਜੋਕਾ ਹਰ ਇਨਸਾਨ ਹੈ

−0−

ਸਮੁੰਦਰ ਭਰ ਰਿਹਾ ਹੈ
ਜੰਗਲ ਹਰਿਆਵਲ ਇਕੱਠੀ ਕਰ ਰਿਹਾ ਹੈ
ਪਹਾੜ
ਅਕਾਰ ਵਿਸਥਾਰ ਰਿਹਾ ਹੈ
ਆਪਣੇ ਆਦਿ 'ਚ ਅੰਤ ਉਤਾਰ ਰਿਹਾ ਹੈ
ਜ਼ਿੰਦਗੀ ਤੁਰ ਰਹੀ ਹੈ ਰੁਕਣ ਲਈ
ਰੁਕ ਰਹੀ ਹੈ ਤੁਰਨ ਲਈ

−0−

ਅੱਗਣ ਬਲ ਰਹੀ ਹੈ
ਧਰਤੀ ਘੁੰਮ ਰਹੀ ਹੈ
ਅਕਾਸ਼ ਉੱਚਾ ਹੋ ਰਿਹਾ ਹੈ
ਹਵਾ ਚਲ ਰਹੀ ਹੈ
ਸੂਰਜ ਚੜ੍ਹ ਰਿਹਾ ਹੈ
ਜਲ ਵਹਿ ਰਿਹਾ ਹੈ

ਆਦਿ ਅੰਤ ਦੇ ਵਿਚ ਢਲ ਰਿਹਾ ਹੈ
ਦੇਹ ਦਾ ਸੱਚ ਫੜ ਰਿਹਾ ਹੈ
ਸਾਰੀ ਪ੍ਰਕਿਰਤੀ
ਅੰਦਰ ਵੱਲ ਪਰਤੀ ਹੈ
ਆਪਣੀ ਹੋਂਦ ਜਾਣਨ ਲਈ
ਆਦਿ ਚੋਂ ਅੰਤ ਭਾਲਣ ਲਈ

–0–

ਮਨੁੱਖ
ਜਿਸ ਜ਼ਿੰਦਗੀ 'ਚ ਉਤਰਦਾ
ਜਾ ਰਿਹਾ ਹੈ
ਰੌਣਕਾਂ ਰੰਗੀਨੀਆਂ ਦਾ ਵਕਤੀ
ਸ਼ਬਾਬ ਹੰਢਾਅ ਰਿਹਾ ਹੈ
ਅੰਬਰ ਨੂੰ ਟਾਕੀਆਂ ਲਾ ਰਿਹਾ ਹੈ
ਵਿਸਾਰਕੇ ਸੱਚ ਆਪਣਾ
ਭਰਮ ਹੁੰਦਾ ਜਾ ਰਿਹਾ ਹੈ

–0–

ਮਾਇਆ
ਜੀਵਨ ਦਾ ਭਰਮ ਹੈ ਸੱਚ ਨਹੀਂ
ਮਨੁੱਖ ਮਾਇਆ 'ਚ ਡੁੱਬ ਰਿਹਾ ਹੈ
ਤਰਨ ਲਈ
ਜੀਅ ਰਿਹਾ ਹੈ ਮਰਨ ਲਈ
ਇਹ ਮਨੁੱਖ ਦਾ ਦੁਖਾਂਤ ਹੈ
ਜਿਸ ਚੋਂ ਗੁਜ਼ਰਦਾ ਹੈ ਆਦਮੀ
ਦਾਇਰਿਆਂ ਤੋਂ
ਬਿੰਦੂਆਂ 'ਚ ਸੁੰਘੜਦਾ ਹੈ ਆਦਮੀ

–0–

ਕੁੱਝ ਲੋਕ
ਹਨ੍ਹੇਰਿਆਂ ਤੋਂ ਡਰ ਕੇ ਜਾਗਦੇ ਹਨ
ਕੁੱਝ ਹਨ੍ਹੇਰੇ ਲਈ
ਚਾਨਣ ਇਥੱਠਾ ਕਰਦੇ ਹਨ
ਮਨੁੱਖ ਨੂੰ
ਮਨੁੱਖੀ ਨਜ਼ਰ ਨਾਲ ਵੇਖਦੇ ਹਨ
ਆਪਣਾ ਕਰਮ
ਜੀਵਨ ਰਣ ਭੂਮੀ 'ਚ ਕਰਦੇ ਹਨ
ਮੌਤ ਦੀ ਤਲੀ ਤੇ ਜ਼ਿੰਦਗੀ ਦਾ ਸੱਚ
ਧਰਦੇ ਹਨ
ਕੁੱਝ ਕਰਨ ਲਈ ਜਿਉਂਦੇ ਹਨ
ਕੁੱਝ ਕਰਕੇ ਮਰਦੇ ਹਨ
ਸੱਚ ਸੁੰਦਰਤਾ ਕਲਿਆਣ
ਵਿਸਥਾਰਦੇ ਹਨ
ਮਰਨ ਤੋਂ ਪਹਿਲਾਂ
ਜੀਵਨ ਦਾ ਕਰਜ਼ਾ ਉਤਾਰਦੇ ਹਨ

-0-

ਫੁੱਲ ਪੱਤੇ ਰੁੱਖ ਬਨਾਸਪਤੀ
ਜੋ ਵਿਕਸਤ ਹਨ
ਜੋ ਵਿਕਸਤ ਹੋ ਰਹੇ ਹਨ
ਜੋ ਬੀਜ ਚੋਂ ਪੁੰਗਰ ਰਹੇ ਹਨ
ਨਿਰੰਤਰ ਜੀਵਨ ਤੋਂ ਦੂਰ ਹੋ ਰਹੇ ਹਨ
ਦੇਹ ਦਾ ਸੱਚ
ਸਾਇਆਂ ਚੋਂ ਪਕੜਣ ਲਈ
ਮਸ਼ਰੂਫ਼ ਹੋ ਰਹੇ ਹਨ

-0-

ਜੀਵਨ ਮਨੁੱਖ ਬਨਾਸਪਤੀ ਦਾ
ਆਦਿ ਸੱਚ ਨਹੀਂ
ਅੰਤ ਸੱਚ ਹੈ
ਮਨੁੱਖ ਜੀਵਨ ਬਨਾਸਪਤੀ ਨੇ
ਆਪਣੇ ਆਪ ਨੂੰ ਅੰਤ ਦਾ ਨਹੀਂ
ਆਦਿ ਜਿਉਣ ਦਾ ਆਦੀ ਬਣਾਇਆ ਹੈ
ਸੱਚ ਤੇ ਪੈਰ ਧਰ
ਆਪਣੇ ਦੁਆਲੇ
ਭਰਮ ਦਾ ਜੰਗਲ ਉੱਗਾਇਆ ਹੈ
ਮਨੁੱਖ ਵਿਚਰ ਰਿਹਾ ਹੈ
ਕਰਮ ਕਰ ਰਿਹਾ ਹੈ
ਆਪਣੇ ਆਪ ਨੂੰ ਜਿਉਂਦਾ
ਰੱਖਣ ਲਈ ਆਪਾ ਭਰਨ ਲਈ
ਮਨੁੱਖ ਕਦੀ ਨਹੀਂ ਜਿਊਂਦਾ ਮਰਨ ਲਈ
ਆਪਾ ਖ਼ਾਲੀ ਕਰਨ ਲਈ

-----

# ਮਹਿਮਾਂ

ਵੇਦ
ਚੇਤਨ ਮਨੁੱਖ ਦੀ ਮਹਿਮਾਂ ਤੋਂ
ਅਣਜਾਣ ਹੈ
ਚੇਤਨ ਮਨੁੱਖ
ਵੇਦ ਦੀ ਮਹਿਮਾਂ ਤੋਂ ਗਿਆਨਵਾਨ ਹੈ

–0–

ਕਿਉਂਕਿ
ਮਨੁੱਖੀ ਅਨੁਭਵ ਅਸੀਮ ਹੈ
ਜੀਵਤ ਹੈ ਗਤੀਸ਼ੀਲ ਹੈ
ਦਿਸ਼ਾਵਾਂ ਇਸਦੇ
ਸਿੰਗੀ ਚੜ੍ਹੀਆਂ ਹਨ
ਅੱਗਣ ਦਾ ਤੇਜ਼ ਜੀਵਿਆ ਹੈ
ਪੌਣਾਂ ਦੀਆਂ ਗਤੀਆਂ ਤਰੀਆਂ ਹਨ
ਅੰਬਰ ਦਾ ਸ਼ਬਦ ਸਿਮਰਿਆ ਹੈ
ਧਰਤੀ ਦੀ ਮਹਿਕ ਹੰਢਾਈ ਹੈ
ਜਲ ਦਾ ਰਸ ਪੀਤਾ ਹੈ

–0–

ਵੇਦਿਕ ਗਿਆਨ ਤੋਂ
ਇਸ ਦਾ ਦਿਸਹੱਦਾ ਅਗੇਰੇ ਹੈ
ਇਹ ਗਿਆਨ ਦਾ ਗਿਆਨ
ਤੇ ਗਿਆਨ ਦੇ ਚੁਫੇਰੇ ਹੈ
ਇਸ ਲਈ
ਚੇਤਨ ਵਿਅਕਤੀ ਦੀ ਮਹਿਮਾਂ

ਵੇਦ ਜਾਣ ਨਹੀਂ ਸਕਦਾ
ਪਹਿਚਾਣ ਨਹੀਂ ਸਕਦਾ

-0-

ਵੇਦਿਕ ਗਿਆਨ
ਸਮੇਂ ਦੀ ਨਿਰੰਤਰਤਾ ਦਾ ਪੜਾਅ ਹੈ
ਜਿਸ (ਰਹਾਉ) ਅਨੁਭਵ ਤੋਂ
ਸ਼ਬਦਾਂ ਦਾ ਰੂਪ ਧਾਰਿਆ ਹੈ
ਸਮੇਂ ਦੇ ਪੜਾਅ ਦਾ ਸੱਚ
ਅਰਥਾਂ 'ਚ ਉਤਾਰਿਆ ਹੈ
ਚੇਤਨ ਮਨੁੱਖ
ਵੇਦਿਕ ਸਮੇਂ ਦੇ ਪੜਾਅ ਤੋਂ
ਅਗੇਰੇ ਦਾ ਅਨੁਭਵ ਹੈ
ਜਿਸ 'ਚ ਵੇਦਿਕ ਗਿਆਨ ਦਾ
ਆਦਿ ਅੰਤ ਸਮਾਇਆ ਹੈ
ਜਿਸ ਚੋਂ ਚੇਤਨ ਮਨੁੱਖ ਦਾ
ਸਮੇਂ ਦੇ ਪੜਾਅ ਤੋਂ ਅਗੇਰੇ ਦਾ
ਅਨੁਭਵ ਪੁੰਗਰ ਆਇਆ ਹੈ

-0-

ਮਨੁੱਖ ਦੇ ਅੰਦਰ
ਕਿੰਨੇ ਬ੍ਰਹਿਮੰਡ ਧਰਤੀਆਂ
ਅਕਾਸ਼ ਹਨ
ਪਤਾਲ ਸੂਰਜ ਚੰਦਰਮਾ
ਤਾਰਕਾ ਮੰਡਲ ਹਨ
ਸਮੁੰਦਰ ਪੌਣਾਂ ਤੇਜ਼ ਹਨ
ਜਿਨ੍ਹਾਂ ਦਾ ਲੇਖਾ ਜੋਖ਼ਾ

ਲਿਖਿਆ ਜਾ ਨਹੀਂ ਸਕਦਾ
ਮਨੁੱਖ ਦੀ ਮਹਿਮਾਂ ਮਨੁੱਖ ਦਾ ਅਨੁਭਵ
ਅਗ਼ਾਸਾ ਪਤਾਲਾਂ ਦੇ ਕਾਗ਼ਜ਼ਾਂ 'ਚ
ਸਮਾ ਨਹੀਂ ਸਕਦਾ

-0-

ਵੇਦਿਕ ਗਿਆਨ ਦੀ ਮਹਿਮਾਂ
ਚੇਤਨ ਵਿਅਕਤੀ ਜਾਣ ਸਕਦਾ ਹੈ
ਪਰ ਚੇਤਨ ਵਿਅਕਤੀ ਦੀ ਮਹਿਮਾਂ
ਵੇਦ ਜਾਣ ਨਹੀਂ ਸਕਦਾ
ਪਹਿਚਾਣ ਨਹੀਂ ਸਕਦਾ

-0-

ਮਨੁੱਖ ਜੇ ਆਪਣੇ ਨਾਲ ਖੜ੍ਹੇ
ਆਪਣੇ ਅੰਦਰ ਵੜੇ
ਆਪਣਾ ਆਪਾ ਪੜ੍ਹੇ
ਤਾਂ ਜਾਣੇ
ਉਹ ਕੀ ਹੈ ਕੌਣ ਹੈ
ਉਹ ਅਕਾਸ਼ ਦਾ ਸ਼ਬਦ ਹੈ
ਧਰਤ ਦੀ ਸੁਗੰਧ ਹੈ
ਅੱਗਣ ਜਲ ਜਾਂ ਪੌਣ ਹੈ

-0-

ਸੁਫ਼ਨੇ 'ਚ
ਏਕਾ ਆਪਣੇ ਸਾਏ ਪਿੱਛੇ ਦੌੜਦਾ ਹੈ
ਸਾਇਆ ਏਕੇ ਅੱਗੇ ਦੌੜਦਾ ਹੈ
ਦੋਹਾਂ ਦੇ ਸਿਵਾਏ
ਸੁਫ਼ਨ ਮੰਚ ਤੇ ਤੀਸਰਾ ਕੋਈ ਨਹੀਂ

ਪਰ
ਇਕ ਦੂਜੇ ਦੇ ਅੱਗੇ ਪਿੱਛੇ
ਦੋਹਾਂ ਨੂੰ ਦੌੜਦਾ
ਕੋਈ ਤੀਸਰਾ ਹੈ ਜੋ ਵੇਖਦਾ ਹੈ
ਇਹ ਤੀਜਾ ਕੌਣ ਹੈ
ਜੋ ਸੁਫ਼ਨੇ 'ਚ ਨਹੀਂ ਦਿੱਸਦਾ
ਜਾਗਣ ਪਿੱਛੋਂ
ਜਾਗਦੀ ਅੱਖ ਨੂੰ
ਮਹਿਸੂਸ ਹੁੰਦਾ ਹੈ

–0–

ਜੇ ਇਹ ਅਵਚੇਤਨ ਹੈ
ਤਾਂ ਇੰਨਾਂ ਸਾਫ਼ ਕਿਉਂ ਹੈ
ਨਿਰਮਲ ਤੇ ਸਪੱਸ਼ਟ ਕਿਉਂ ਹੈ
ਕਿ ਪਰਦੇ ਪਿੱਛਲਾ
ਪੁਤਲੀਆਂ ਨੂੰ ਨਚਾਉਣ ਵਾਲਾ
ਸੁਫ਼ਨ ਮੰਚ ਤੋਂ ਲੈ ਕੇ
ਖੁੱਲ੍ਹੀ ਅੱਖ ਤਕ ਆਪ ਦਿੱਸਦਾ ਹੈ

–0–

ਇਹ ਮਨੁੱਖ ਵਿਚਲਾ
ਸਵੈ ਹੰਦਾ ਹੈ
ਜੋ ਸੁਫ਼ਨੇ 'ਚ
ਦੌੜਦੇ ਸਾਏ ਤੇ ਦੇਹ ਨੂੰ
ਆਪਣਾ ਸੱਚ ਵਿਖਾ ਰਿਹਾ ਹੁੰਦਾ ਹੈ
ਖੁੱਲ੍ਹੀ ਅੱਖ ਨੂੰ
ਸੱਚ ਸਮਝਾ ਰਿਹਾ ਹੁੰਦਾ ਹੈ

–0–

ਵੇਦ ਜਿਸ ਦੀ ਮਹਿਮਾਂ
ਗਾਉਂਦਾ ਹੈ
ਉਹ ਆਪ ਵੇਦ 'ਚ ਮੌਜੂਦ ਨਹੀਂ
ਉਸ ਮਹਿਮਾਂ ਦਾ ਸੱਚ
ਮਨੁੱਖ ਦਾ ਵਜ਼ੂਦ ਹੈ
ਮਨੁੱਖੀ ਦੇਹ 'ਚ
ਉਸ ਦਾ ਅੰਸ਼ ਆਤਮਾ ਮੌਜੂਦ ਹੈ

-0-

ਉਹ ਇਕ ਜੋਤ ਹੈ
ਜੋ ਹਰ ਮਾਨਵ 'ਚ ਜਗਦੀ ਹੈ
ਹਰ ਮਾਨਵ ਨੂੰ ਸਮਝਾ ਰਹੀ ਹੈ
ਜੇ ਉਹ ਹੈ
ਤਾਂ ਮਾਨਵ ਹੈ
ਜੇ ਉਹ ਨਹੀਂ ਤਾਂ ਮਾਨਵ ਨਹੀਂ
ਕੁੱਝ ਵੀ ਨਹੀਂ

-0-

ਵੇਦ
ਚੇਤਨ ਮਨੁੱਖ ਦੀ ਮਹਿਮਾਂ ਤੋਂ
ਅਣਜਾਣ ਹੈ
ਚੇਤਨ ਮਨੁੱਖ
ਵੇਦ ਦੀ ਮਹਿਮਾਂ ਤੋਂ ਗਿਆਨਵਾਨ ਹੈ

-----

# ਦੁੱਖ ਹੁੰਦਾ ਹੈ

ਦੁੱਖ ਨਹੀਂ ਹੁੰਦਾ ਮੈਨੂੰ
ਜੀਣ ਮਰਨ ਦਾ
ਦੁੱਖ ਹੁੰਦਾ ਹੈ
ਜਦ ਜੀਣਾ ਮਰਨਾ ਨਹੀਂ ਚਾਹੁੰਦਾ
ਹੋ ਕੇ ਭੀੜ ਤੋਂ ਵੱਖਰਾ
ਕੁੱਝ ਕਰਨਾ ਨਹੀਂ ਚਾਹੁੰਦਾ

-0-

ਜੇ
ਅਕਾਸ਼ ਹਵਾ ਅੱਗਣ ਜਲ ਧਰਤ ਹਾਂ
ਤਾਂ ਨਿਰਸੰਦੇਹ ਹਾਂ
ਅਕਾਸ਼ ਤੋਂ ਧਰਤ ਹੋ ਕੇ ਵੀ
ਜੇ ਕੁੱਝ ਨਹੀਂ
ਤਾਂ ਦੁੱਖ ਹੁੰਦਾ ਹੈ

-0-

ਹਨ੍ਹੇਰੀ ਤੂਫ਼ਾਨ ਝੱਖੜ ਪਰਲੋ ਹਾਂ
ਤਾਂ ਸੱਚ ਹਾਂ
ਹਨ੍ਹੇਰੀ ਤੋਂ ਪਰਲੋ ਹੋ ਕੇ ਵੀ ਜੇ ਕੁੱਝ ਨਹੀਂ
ਤਾਂ ਦੁੱਖ ਹੁੰਦਾ ਹੈ

-0-

ਕੁਦਰਤ ਮੌਸਮ ਬਹਾਰ ਮਹਿਕ ਹਾਂ
ਤਾਂ ਸ਼ਕਾ ਰਹਿਤ ਹਾਂ
ਕੁਦਰਤ ਤੋਂ ਮਹਿਕ ਹੋ ਕੇ ਵੀ

ਜੇ ਕੁੱਝ ਨਹੀਂ
ਤਾਂ ਦੁੱਖ ਹੁੰਦਾ ਹੈ

-0-

ਇਕੱਲ ਭੀੜ ਰੌਣਕ ਉਦਾਸੀ
ਚੁੱਪ ਸ਼ੋਰ ਹਾਂ
ਤਾਂ ਭਰਮ ਮੁਕਤ ਹਾਂ
ਇਕੱਲ ਤੋਂ ਸ਼ੋਰ ਹੋ ਕੇ ਵੀ
ਜੇ ਕੁੱਝ ਨਹੀਂ
ਤਾਂ ਦੁੱਖ ਹੁੰਦਾ ਹੈ

-0-

ਸਾਗਰ ਪਹਾੜ ਜੰਗਲ
ਰੁੱਖ ਜ਼ਰਾ ਬੂੰਦ ਹਾਂ
ਤਾਂ ਹਾਂ
ਸਾਗਰ ਤੋਂ ਬੂੰਦ ਹੋ ਕੇ ਵੀ
ਜੇ ਕੁੱਝ ਨਹੀਂ
ਤਾਂ ਦੁੱਖ ਹੁੰਦਾ ਹੈ

-0-

ਜੀਵਨ ਸੱਚ ਹੋ ਕੇ
ਜੀਵਨ ਦਾ ਰੰਗ ਰੂਪ ਹਸਤੀ ਹੋ ਕੇ
ਜੇ ਕੁੱਝ ਵੀ ਨਹੀਂ
ਤਾਂ ਦੁੱਖ ਹੁੰਦਾ ਹੈ

-0-

ਸ਼ਬਦ
ਸ਼ਬਦ ਦਾ ਗਿਆਨ ਅਰਥ ਹੋ ਕੇ
ਅਰਥ ਦਾ ਅਮਲ ਨਾ ਹੋ ਕੇ
ਅਮਲ ਦਾ ਸੱਚ ਨਾ ਹੋ ਕੇ

ਸੱਚ ਦਾ ਅਮਲ ਨਾ ਹੋ ਕੇ
ਦੁੱਖ ਹੁੰਦਾ ਹੈ
ਮੈਨੂੰ ਦੁੱਖ ਨਹੀਂ ਹੁੰਦਾ
ਜੀਣ ਮਰਨ ਦਾ
ਦੁੱਖ ਹੁੰਦਾ ਹੈ
ਜਦ ਜੀਣਾ ਮਰਨਾ ਨਹੀਂ ਚਾਹੁੰਦਾ
ਹੋ ਕੇ ਭੀੜ ਤੋਂ ਵੱਖਰਾ
ਕੁੱਝ ਕਰਨਾ ਨਹੀਂ ਚਾਹੁੰਦਾ
ਕਦਮਾਂ ਚੋਂ ਚੁੱਕ ਕੇ ਕਦਮਾਂ ਨੂੰ
ਨਵੇਂ ਰਾਹ ਜਨਮਨਾ
ਨਵੀਆਂ ਦਿਸ਼ਾਵਾਂ
ਨਵੀਆਂ ਮੰਜ਼ਿਲਾਂ
ਸਿਰਜਣਾ ਨਹੀਂ ਚਾਹੁੰਦਾ

------

# ਤੇਰੀ ਜ਼ਫ਼ਾ

ਤੇਰੀ ਜ਼ਫ਼ਾ ਦੀ
ਜੋਤੀ ਬੁੱਝਾ ਨਹੀਂ ਸਕਿਆ
ਆਪਣੀ ਵਫ਼ਾ ਨਾਲ
ਨਿਭਾਅ ਨਹੀਂ ਸਕਿਆ
ਨਾ ਆਪਣੇ ਆਪ ਦੇ ਹੀ
ਕੋਲ ਆਇਆ
ਨਾ ਤੈਥੋਂ ਦੂਰ ਜਾ ਹੀ ਸਕਿਆ

-0-

ਭਾਲਾਂ
ਦੇਹ ਦੀਆਂ ਅੰਤੜੀਆਂ
ਲਹੂ ਦੇ ਗੇੜਾਂ ਚੋਂ
ਸਾਹਾਂ ਦੀਆਂ ਗਲੀਆਂ ਚੋਂ
ਤ੍ਰਕਾਲਾਂ ਢਲੀਆਂ
ਰਾਤਾਂ ਜਗੀਆਂ ਚੋਂ
ਤੇਰਾ ਚਿਹਰਾ
ਜਿਸ ਦੀ ਭਾਲ 'ਚ
ਢੱਲ ਗਿਆ ਉਮਰ ਦਾ ਸੂਰਜ ਮੇਰਾ

-0-

ਕਿੱਧਰੇ ਨਜ਼ਰ ਨਾ ਆਵੇ
ਜੋ ਸਾਹਾਂ 'ਚ ਸਾਂਭ ਰੱਖਿਆ ਸੀ
ਬਚਾ ਕੇ ਤੱਤੀਆਂ ਲੋਹਾਂ ਤੋਂ
ਜੋ ਸਾਂਭ ਰੱਖਿਆ ਸੀ
ਧਿਆ ਕੇ ਸਿਮਰ ਕੇ ਜਿਸ ਨੂੰ

ਮਨ ਦੇ ਧਾਮ ਰੱਖਿਆ ਸੀ
ਤੇਰਾ ਚਿਹਰਾ
ਜਿਸ ਦੀ ਭਾਲ 'ਚ
ਢਲ ਗਿਆ ਉਮਰ ਦਾ ਸੂਰਜ ਮੇਰਾ

-0-

ਜਿਗਰ ਦੇ ਜ਼ਖ਼ਮ
ਚਿਰਾਗ਼ ਬਣ ਕੇ
ਚਿਹਰੇ ਤੇ ਜਗਦੇ ਨੇ
ਅਧੂਰੇ ਰਹਿ ਗਏ ਸਨ
ਕੌਲ ਇਕਰਾਰ ਜਿਹੜੇ
ਹੋ ਗਏ ਪੂਰੇ ਉਹ ਲੱਗਦੇ ਨੇ
ਮੇਰੀ ਵਫ਼ਾ ਦੇ ਗੁਲਸ਼ਨ 'ਚ
ਸੁਰਖ਼ ਫੁੱਲ ਹਨ ਜਿਹੜੇ
ਤੇਰੀ ਜ਼ਫ਼ਾ ਦੀ ਧੁੱਪ 'ਚ
ਉਹ ਖਿੱੜੇ ਲੱਗਦੇ ਨੇ

-0-

ਤੇਰੀ ਜ਼ਫ਼ਾ ਸੰਗ
ਮੈਂ ਇੰਜ ਆਸ਼ਨਾ ਹੋਇਆ
ਕਿ ਆਪਣੀ ਵਫ਼ਾ ਤੋਂ
ਬੇਗ਼ਾਨਾ ਹੋ ਗਿਆ
ਮੈਂ ਆਪਣੀ ਵਫ਼ਾ ਨੂੰ
ਨੀਂਹਾਂ 'ਚ ਚਿਣ ਆਇਆ
ਤੇਰੀ ਜ਼ਫ਼ਾ ਦਾ ਦੀਵਾਨਾ ਹੋ ਗਿਆ
ਤੇਰੀ ਜ਼ਫ਼ਾ ਦੀ ਸ਼ਮਾ ਤੇ ਸੜ ਗਿਆ
ਭੰਵਰੇ ਤੋਂ ਪ੍ਰਵਾਨਾ ਹੋ ਗਿਆ

-0-

ਸ਼ਮਾਂ ਤੇ ਸੜ ਕੇ
ਮੈਂ ਜਾਣਿਆਂ ਸੜਣ ਤੋਂ ਪਹਿਲਾਂ
ਮੈਂ ਭੰਵਰਾ ਸਾਂ
ਲੋਭੀ ਸਾਂ ਮਹਿਕ ਦੀ
ਜ਼ਫ਼ਾ ਦੇ ਸੱਚ ਦਾ ਤਿਆਗ਼
ਨਹੀਂ ਸਾਂ ਸਮਝਦਾ
ਵਫ਼ਾ ਦੇ ਲੋਭ ਲਈ ਸਾਂ ਸਹਿਕਦਾ
ਤੇਰੀ ਜ਼ਫ਼ਾ ਨੇ
ਮੇਰਾ ਕਾਇਆਕਲਪ ਕਰ ਦਿੱਤਾ
ਭੰਵਰੇ ਦੇ ਕਲਬੂਤ 'ਚ
ਸੱਚ ਪ੍ਵਾਨੇ ਦਾ ਧਰ ਦਿੱਤਾ

----

## ਮਨਫ਼ੀ ਜਮ੍ਹਾਂ

ਮੈਂ ਨੂੰ ਤੂੰ
ਤੂੰ ਨੂੰ ਮੈਂ ਪਿੱਠ ਦੇ ਕੇ
ਇਕ ਦੂਜੀ ਦੇ ਉਲਟ ਦਿਸ਼ਾਈ
ਨਿਕਲ ਗਈਆਂ

–0–

ਮੈਂ ਜਦ
ਤੂੰ ਦੀ ਵਿਪਰੀਤਤਾ ਚੋਂ ਗੁਜ਼ਰੀ
ਤਾਂ ਕ੍ਰੋਧਿਤ ਹੋਈ ਮੈਂ ਨੇ
ਤੂੰ ਦਾ ਸਿਰ ਕਲਮ ਕਰ ਦਿਤਾ
ਤੂੰ ਦਾ ਧੜ
ਆਪਣੀ ਕ੍ਰੋਧਿਤ ਅੱਗਣ ਨੂੰ ਭੇਂਟ ਕਰ ਦਿੱਤਾ

–0–

ਤੂੰ ਜਦ
ਮੈਂ ਦੀ ਵਿਰੋਧਤਾ ਚੋਂ ਗੁਜ਼ਰੀ
ਉਸ ਨੇ ਮੈਂ ਨੂੰ ਮੈਂ ਚੋਂ ਨਿਚੋੜ
ਆਪਣੇ ਜਲ ਦੀ ਸੀਤਲਤਾ 'ਚ
ਪ੍ਰਵਾਹ ਦਿੱਤਾ

–0–

ਤੂੰ ਦੇ ਜਲ 'ਚ
ਮੈਂ ਦੀ ਕ੍ਰੋਧਿਤ ਅੱਗਣੀ ਜਦ ਭਿੱਜੀ
ਤਾਂ ਮੈਂ ਦੀ ਅੱਗਣ ਦੇ ਪਿੰਡਿਉਂ
ਤੂੰ ਦਾ ਕੰਵਲ ਖਿੜਿਆ
ਤੂੰ ਦਾ ਸਿਰ ਧੜ ਪੁੰਗਰਿਆ

ਮੈਂ ਦੀ ਪਿੱਠ ਚੋਂ ਤੂੰ ਦਾ
ਤੂੰ ਦੀ ਪਿੱਠ 'ਚੋਂ ਮੈਂ ਦਾ ਮੁਹਾਂਦਰਾ ਜਨਮਿਆ
ਵਿਪਰੀਤ ਦਿਸ਼ਾਵਾਂ ਚੋਂ
ਅਨੁਕੂਲ ਦਿਸ਼ਾਵਾਂ ਪਰਤ ਆਈਆਂ
ਮੈਂ ਤੇ ਤੂੰ
ਇਕ ਰੁੱਖ ਦੀਆਂ ਸ਼ਾਖ਼ਾਂ
ਇਕ ਸੂਰਜ ਦੀਆਂ
ਕਿਰਨਾਂ ਨਜ਼ਰ ਆਈਆਂ
ਇਕ ਦਰਪਣ ਇਕ ਚਿਹਰਾ ਸੀ
ਇਕ ਸ਼ਾਮ ਇਕ ਸਵੇਰਾ ਸੀ
ਦੋਹਾਂ ਦੀ ਕੁੱਖ
ਰਾਤ ਦੀ ਬੁੱਕਲ 'ਚ ਸੂਰਜ ਦਾ ਵਸੇਰਾ ਸੀ

------

## ਵਿਦਿਆਵੰਤੀ

ਅਨਪੜ੍ਹਤਾ ਦੀ ਕੁੱਖੋਂ
ਵਿੱਦਿਆ ਜਨਮੀਂ
ਤਾਂ ਉਸ
ਅਨਪੜ੍ਹਤਾ ਦੇ ਨੈਣ ਨਕਸ਼
ਚਿਹਰਾ ਵੇਖਿਆ
ਰਾਤ ਦੀ ਬੁੱਕਲ ਚੋਂ ਜਨਮਿਆਂ
ਸਵੇਰਾ ਵੇਖਿਆ

-0-

ਵਿੱਦਿਆ ਦਾ ਬਚਪਨ
ਜਦ ਅਨਪੜ੍ਹਤਾ ਦੇ
ਆਂਗਣ 'ਚ ਖੇਡਿਆ
ਉਸ ਨੂੰ ਸੰਕਲਪ ਦਾ
ਅਹਿਸਾਸ ਹੋਇਆ
ਸੰਬੋਧਨੀ ਸ਼ਬਦਾਂ ਦਾ ਗਿਆਨ ਹੋਇਆ

-0-

ਵਿੱਦਿਆ
ਅਨਪੜ੍ਹਤਾ ਹੱਥੀਂ ਜਵਾਨ ਹੋਈ
ਉਸ ਨੂੰ
ਅਰਥ ਦੀ ਸਮਝ ਆਈ
ਉਸ ਦੇ ਚਿਹਰੇ ਤੇ ਕਿੱਲ ਨਿਕਲ ਆਏ
ਉਸ ਦੇ ਨੈਣੀਂ
ਸੂਰਜ ਚੰਨ ਤਾਰੇ ਉਤਰ ਆਏ

ਉਸ ਦੇ ਖੰਭਾਂ ਚੋਂ ਪ੍ਰਵਾਜ਼ ਬੋਲਿਆ
ਤੇਰਾ ਸ਼ਬਦ ਵਰ ਯੋਗ ਹੋ ਗਿਆ

-0-

ਵਿੱਦਿਆ ਨੇ ਆਪਣੀ ਅਨਪੜ੍ਹਤਾ ਦਾ
ਪੇਕਾ ਘਰ ਤਿਆਗਿਆ
ਸੁਸਰਾਲ ਦੀ ਸੁੰਦਰਤਾ
ਤੇ ਸ਼ੋਭਾ ਦਾ ਰੂਪ ਧਾਰਿਆ
ਸੁਹਾਗ ਰਾਤ
ਵਿੱਦਿਆ ਨੇ ਸ਼ੀਸ਼ੇ 'ਚ
ਜਦ ਆਪਣਾ ਚਿਹਰਾ ਤੱਕਿਆ
ਉਸ ਨੂੰ ਲੱਗਿਆ
ਉਹ ਪੈਂਤੀ ਅੱਖ਼ਰੀ
ਸ਼ਬਦਾਂ ਦੀ ਨਦੀ
ਅਰਥਾਂ ਦਾ ਸਮੁੰਦਰ ਹੈ
ਕਲਪਨਾ ਪ੍ਰਵਾਜ਼ ਹੈ
ਚੁੱਪ ਦਾ ਯਥਾਰਥ ਹੈ
ਸੱਚ ਦੀ ਅਵਾਜ਼ ਹੈ
ਜੀਵਨ ਦੀ ਇਬਾਦਤ
ਉਤਪੱਤੀ ਦੀ ਕੁੱਖ ਹੈ
ਖੋਜ ਰੋਸ਼ਨੀ ਸਿਆਣਪ
ਫੱਲਾਂ ਫੁੱਲਾਂ ਨਾਲ ਲੱਦਿਆ ਰੁੱਖ ਹੈ
ਉਸ ਦਾ ਪੇਕਾ ਨਾਂ ਅਨਪੜ੍ਹਤੀ ਸੀ
ਉਸ ਦਾ ਸਹੁਰਾ ਨਾਂ
ਵਿੱਦਿਆਵੰਤੀ ਸੀ

------

## ਸਹਿਰਾ ਦਾ ਸਫ਼ਰ

ਸਹਿਰਾ
ਆਪਣੀ ਪਿਆਸ ਦੀ
ਤਲਾਸ਼ 'ਚ ਨਿਕਲਿਆ
ਜੰਗਲ ਚੋਂ ਗੁਜ਼ਰਿਆ
ਜੰਗਲ ਦੇ ਲਹੂ 'ਚ ਸਮੁੰਦਰ ਸੀ
ਚਿਹਰੇ ਤੇ ਹਰਿਆਵਲ ਸੀ
ਅੱਖੀਆਂ 'ਚ ਤਿਆਗ਼ ਸੀ
ਰੁੱਖਾਂ ਦਾ ਸਕੂਨ ਜੰਗਲ ਦੀ ਰਾਸ ਸੀ

-0-

ਸਹਿਰਾ ਦਾ ਤਪਸ਼
ਜੰਗਲ ਦੀ ਹਰਿਆਵਲ ਨੂੰ ਮਿਲੀ
ਰੇਤ ਦੇ ਜ਼ਰੇ
ਰੁੱਖਾਂ ਦੇ ਪੱਤਿਆਂ ਗਲ ਲੱਗੇ
ਸਹਿਰਾ ਦੀ ਪਿਆਸ ਨੇ
ਜੰਗਲ ਦੇ ਲਹੂ 'ਚ ਵੱਸਦੇ
ਸਮੁੰਦਰ ਦੇ ਚਰਨ ਪਰਸੇ

-0-

ਤਪਸ਼ ਹਰਿਆਵਲ 'ਚ
ਪਿਆਸ ਸਮੁੰਦਰ 'ਚ ਭਿੱਜੀ
ਜ਼ਰਿਆਂ ਪੱਤਿਆਂ ਨੂੰ
ਪੱਤਿਆਂ ਜ਼ਰਿਆਂ ਨੂੰ
ਆਪਣੇ 'ਚ ਉਤਾਰਿਆ

ਸਹਿਰਾ ਨੇ ਰਾਤ ਦਾਂ ਪਹਿਰ
ਜੰਗਲ 'ਚ ਗੁਜ਼ਾਰਿਆ

-0-

ਸਵੇਰੇ ਸਹਿਰਾ
ਜਦ ਘਰ ਪਰਤਿਆ
ਤਾਂ ਘਰ ਸਹਿਰਾ ਨੂੰ
ਪਹਿਚਾਣ ਨਾ ਪਾਇਆ
ਬੋਲਿਆ
ਇਹ ਸਮੁੰਦਰ
ਮੇਰੇ ਵਿਹੜੇ ਹੈ ਕਿਧਰੋਂ ਆਇਆ

-----

# ਸਮੁੰਦਰੋਂ ਪਾਰ

ਉਹ ਥੱਕ ਹਾਰ ਕੇ
ਸਾਰੀ ਉਮਰ ਗੁਜ਼ਾਰ ਕੇ
ਚਿਹਰੇ ਤੇ ਸਫ਼ੈਦ ਰੁੱਖਾਂ ਦਾ ਜੰਗਲ ਉੱਗਾ
ਜਦ ਵਾਪਸ ਪਰਤਿਆ
ਤਾਂ
ਉਸ ਦੀ ਉੱਡੀਕ 'ਚ ਕਬਰ ਹੋਈ
ਉਸ ਦੀ ਬਚਪਨ ਦੀ ਸਾਥਣ
ਜ਼ਿੰਦਗੀ ਨੇ ਪੁਕਾਰਿਆ

-0-

ਆਪਣੀ ਜਵਾਨੀ ਦਾ ਸੂਰਜ
ਕਿੱਥੇ ਢਾਲ ਆਇਆ ਹੈਂ
ਕਿਸ ਬਰਫ਼ ਦੀ ਡਲੀ 'ਚ
ਆਪਣਾ ਨਿੱਘ ਉਤਾਰ ਆਇਆ ਹੈਂ
ਕਿਸ ਧੁੱਪ ਦਾ ਪਿੰਡਾ ਠਾਰ ਆਇਆ ਹੈਂ
ਕਿਉਂ ਸੂਰਜ ਤੋਂ ਰਾਖ਼ ਹੋਇਆ ਹੈਂ
ਕਦੀ ਚੰਨ ਸੈਂ ਅੱਜ ਦਾਗ ਹੋਇਆ ਹੈਂ

-0-

ਉਹ ਬੋਲਿਆ
ਇਕ ਰੋਜ਼ਗਾਰ ਨਾਂ ਦੀ ਪਰੀ
ਮੈਨੂੰ ਉਂਗਲੀ ਲਾ
ਸਮੁੰਦਰੋਂ ਪਾਰ ਲੈ ਗਈ
ਵਿਖਾ ਕੇ ਨਕਸ਼ ਕੁੱਲੀ ਗੁੱਲੀ ਤੇ ਜੁੱਲੀ ਦੇ

ਸਦਾ ਲਈ
ਮੇਰੇ ਸਿਰ ਤੇ ਬਹਿ ਗਈ

-0-

ਮੈਂ ਰੋਜ਼
ਆਪਣੀ ਊਰਜਾ ਦਾ ਅਰਘਾ
ਉਸ ਨੂੰ ਭੇਂਟ ਕਰਦਾ ਰਿਹਾ
ਹੋ ਕੇ ਪੋਟਾ ਪੋਟਾ
ਘਰ ਦੇ ਚੁੱਲ੍ਹੇ 'ਚ ਬਲਦਾ ਰਿਹਾ
ਢਿੱਡ ਦੀ ਭੁੱਖ ਲਈ
ਤੱਵੇ ਤੇ ਸੜਦਾ ਰਿਹਾ
ਦਾਣਿਆਂ ਵਾਂਗੂੰ ਭੱਠੀ 'ਚ
ਭੁੱਜਦਾ ਰਿਹਾ
ਤੌੜੀ 'ਚ ਰਿੱਝਦਾ ਰਿਹਾ
ਮੈ ਜਲ ਦੇ ਘੜੇ ਦੀ ਠਾਰ ਲਈ
ਲਹੂ 'ਚ ਉਬਲਦਾ ਰਿਹਾ
ਖੂਹ ਦੀਆਂ ਟਿੰਡਾਂ ਵਾਂਗੂੰ
ਕਦੀ ਖ਼ਾਲੀ
ਕਦੀ ਭਰਿਆ ਗਿੜਦਾ ਰਿਹਾ
ਨਿੱਤ ਨਵੀਂ ਲੋੜ ਦੀ ਸੂਲੀ
ਚੜ੍ਹਦਾ ਰਿਹਾ
ਰੁਜ਼ਗਾਰ ਦੀ ਸੁੰਦਰੀ ਦੀ
ਪ੍ਰਕਰਮਾਂ ਕਰਦਾ ਰਿਹਾ

-0-

ਹੁਣ ਜਦ ਮੇਰੇ ਸਰੀਰ 'ਚ
ਉਸ ਨੂੰ ਭੇਂਟ ਕਰਨ ਲਈ
ਲਹੂ ਦਾ ਇਕ ਵੀ ਕਤਰਾ ਨਹੀਂ
ਉਹ
ਮੇਰੇ ਘਰ ਦਾ ਚੁੱਲ੍ਹਾ ਚੌਕਾ
ਵਿਹੜਾ ਤਿਆਗ਼ ਗਈ ਹੈ
ਚੁੱਲ੍ਹੇ ਦੀ ਅੱਗ ਬੁੱਝਾ ਗਈ ਹੈ
ਤੱਪਦਾ ਤੱਵਾ ਠਾਰ ਗਈ ਹੈ
ਮੇਰੇ ਤੋਂ ਮੇਰਾ ਕੱਜਣ ਉਤਾਰ ਗਈ ਹੈ
ਘਰ ਦਾ ਚਿਰਾਗ਼ ਬੁੱਝਾ ਗਈ ਹੈ
ਮੇਰੀ ਜਵਾਨੀ ਖਾ ਗਈ ਹੈ
ਕਪਾਹ ਦੀਆਂ ਫੁੱਟੀਆਂ ਦਾ ਜੰਗਲ
ਚਿਹਰੇ ਤੇ ਉੱਗਾਂ ਗਈ ਹੈ
ਹੁਣ
ਮੈਂ ਪਰਤ ਆਇਆ ਹਾਂ
ਉਸ ਬਚਪਨ ਦੀ
ਸਾਥਣ ਦੀ ਤਲਾਸ਼ 'ਚ
ਸਦੀਆਂ ਪਹਿਲਾਂ ਜੋ ਖੋਹ ਗਈ ਸੀ
ਅੱਜ ਮਿਲੀ ਵੀ ਤਾਂ ਉਦੋਂ
ਜਦ ਢੇਰੀ ਕਬਰ ਦੀ ਹੋ ਗਈ ਸੀ

-----

# ਮਸਾਣਾਂ ਦਾ ਬਾਬਾ

ਉਹ ਘਰ ਦੀ ਤਲਾਸ਼ 'ਚ
ਦਰ-ਬ-ਦਰ ਘੁੰਮਿਆ
ਪਰ ਉਸ ਨੂੰ
ਕਿਤੇ ਵੀ ਘਰ ਨਾ ਮਿਲਿਆ
ਉਸ ਦੇ ਦਿਲ ਦਾ ਕੰਵਲ ਨਾ ਖਿੜਿਆ

-0-

ਉਹ
ਇਕ ਨਗਰੀ 'ਚ ਗਿਆ
ਨਗਰੀ ਦੇ ਲੋਕਾਂ ਨੂੰ ਕਿਹਾ
ਮੈਂ ਅਘਰਵਾਸ 'ਚ ਹਾਂ
ਘਰ ਦੀ ਤਲਾਸ਼ 'ਚ ਹਾਂ
ਲੋਕਾਂ
ਉਸ ਨੂੰ ਇਕ ਕੋਠਾ ਦੇ ਦਿੱਤਾ
ਜਿਸ ਦੇ ਦੁਆਲੇ ਚਾਰ ਦੀਵਾਰੀ ਸੀ
ਚੌਕਾ ਚੁੱਲ੍ਹਾ ਵਿਹੜਾ ਸੀ
ਨਿੱਕੀ ਜਿਹੀ
ਹਰਿਆਵਲ ਦੀ ਫੁੱਲਵਾੜੀ ਸੀ

-0-

ਉਸ ਨੂੰ ਘਰ ਦੀਆਂ ਕੰਧਾਂ
ਚੌਕਾ ਚੁੱਲ੍ਹਾ ਤੇ ਵਿਹੜਾ
ਬੂਹੇ ਬਾਰੀਆਂ ਤੇ ਦਰ
ਅਜ਼ਨਬੀ ਲਗਿਆ

ਉਸ ਦਾ ਰਾਤ ਦਾ ਦੀਵਾ
ਉਸ ਘਰ 'ਚ ਨਾ ਬਲਿਆ

-0-

ਉਸ ਨੂੰ ਘਰ ਚੋਂ
ਅਪਣੱਤ ਨਜ਼ਰ ਨਾ ਆਈ
ਉਹ ਘਰ ਤੋਂ ਉਪਰਾਮ
ਬੜਾ ਬੇਅਰਾਮ ਹੋ ਗਿਆ
ਉਸ ਨੂੰ ਲੱਗਿਆ
ਇਹ ਘਰ ਉਸ ਦਾ ਨਹੀਂ
ਇਸ ਘਰ 'ਚ
ਉਸ ਦਾ ਵਸੇਰਾ ਨਹੀਂ
ਇਹ ਘਰ
ਉਸ ਦਾ ਧੜ ਨਹੀਂ ਚਿਹਰਾ ਨਹੀਂ

-0-

ਉਹ ਇਕ ਦਿਨ
ਪਿੰਡ ਦੇ ਸ਼ਮਸ਼ਾਨ ਕੋਲੋਂ ਲੰਘਿਆ
ਸ਼ਮਸ਼ਾਨ ਚੋਂ
ਉਸ ਨੂੰ ਆਪਣੇ ਜਿਸਮ ਦੀ
ਮਹਿਕ ਆਈ
ਕਬਰਾਂ ਚੋਂ
ਉਸ ਨੂੰ ਆਪਣਾ ਸੱਚ ਨਜ਼ਰ
ਆਇਆ
ਸ਼ਾਇਦ ਉਸ ਦੇ ਰਹਿਣ ਲਈ
ਇਹ ਅਸਲ ਸਥਾਨ ਸੀ

ਉਸ ਦੇ ਮਨ ਨੂੰ ਸਕੂਨ
ਦੇਹ ਨੂੰ ਅਰਾਮ ਸੀ

-0-

ਉਸ ਦਿਨ ਤੋਂ
ਉਸ ਨੇ ਸ਼ਮਸ਼ਾਨ ਨੂੰ ਹੀ
ਆਪਣਾ ਘਰ ਬਣਾ ਲਿਆ
ਮੌਤ ਦੀ ਬੁੱਕਲ 'ਚ
ਜ਼ਿੰਦਗੀ ਨੇ ਡੇਰਾ ਲਾ ਲਿਆ
ਪਿੰਡ ਦੇ ਲੋਕ ਉਸ ਨੂੰ
ਮਸਾਣਾਂ ਦਾ ਬਾਬਾ ਆਖਦੇ
ਉਸ ਦੇ ਚਿਹਰੇ ਤੋਂ
ਆਪਣਾ ਸੱਚ ਪਹਿਚਾਣਦੇ
ਉਸ ਦੇ ਕਰਮ ਤੋਂ
ਜੀਵਨ ਪ੍ਰਯੋਜਨ ਜਾਣਦੇ

-0-

ਉਹ
ਘਰ ਦੀ ਤਲਾਸ਼ 'ਚ
ਦਰ-ਬ-ਦਰ ਘੁੰਮਿਆ
ਪਰ ਉਸ ਨੂੰ
ਕਿਤੇ ਵੀ ਘਰ ਨਾ ਮਿਲਿਆ
ਉਸ ਦੇ ਦਿਲ ਦਾ ਕੰਵਲ ਨਾ ਖਿੜਿਆ

------

# ਅੱਥਰੂ ਤੇ ਸਮੁੰਦਰ

ਉਸ ਦੀ ਅੱਖ ਦੇ ਅੱਥਰੂ 'ਚ
ਸਮੁੰਦਰ ਸੀ
ਸਮੁੰਦਰ ਤੈਰ ਕੇ
ਉਸ ਦੇ ਦਿਲ 'ਚ ਉਤਰਨਾ ਸੀ
ਸ਼ਮਾ ਤੇ ਸੜ ਕੇ
ਪ੍ਰਵਾਨੇ ਦਾ ਸ਼ਮਾ ਨੂੰ ਮਿਲਣਾ ਸੀ

-0-

ਉਸ ਦਾ ਦਰਦ
ਉਸ ਦੇ ਜਿਸਮ ਨਜ਼ਰਾਂ
ਨਾ ਦਿਲ ਦੀ ਧੜਕਣ 'ਚ
ਕਿਤੇ ਨਜ਼ਰ ਆਇਆ
ਬਸ ਅੱਥਰੂ ਸ਼ੀ ਪਤਾ ਉਸਦਾ
ਦਰਦ ਦਾ ਦਰਦ ਹੀ ਸੀ ਘਰ ਉਸਦਾ

-0-

ਉਸ ਦੀ ਅੱਖ ਚੋਂ
ਜਦ ਕੋਈ ਅੱਥਰੂ ਟਪਕਦਾ
ਕੋਈ ਸੀਤ ਹਵਾ ਦਾ ਬੁੱਲ੍ਹਾ
ਉਸ ਦੇ ਫੇਫੜਿਆਂ ਨੂੰ ਚੀਰ ਕੇ
ਲੰਘਦਾ
ਹਰੀ ਕਚੂਰ ਮਹਿੰਦੀ ਨੂੰ
ਲਹੂ ਦੇ ਰੰਗ 'ਚ ਰੰਗਦਾ
ਦਿਲ ਦੇ ਦਾਗ਼ਾਂ ਦਾ
ਚੰਭਾ ਚਿਹਰੇ ਤੇ ਖਿੱੜਦਾ

ਦਰਦ ਅੱਥਰੂ ਬਣ
ਲਹੂ 'ਚ ਉਬਲਦਾ
ਅੰਬਰ ਦੀ ਅੱਖ 'ਚ ਧਰਤੀ
ਧਰਤੀ ਦੀ ਅੱਖ 'ਚ ਅੰਬਰ ਪਿਘਲਦਾ

-0-

ਉਹ ਇਸ ਤਰ੍ਹਾਂ ਹੀ
ਹਮੇਸ਼ਾਂ ਉਸ ਨੂੰ ਯਾਦ ਕਰਦੀ
ਮੋਤੀ ਅੱਖ ਦਾ
ਸਮੁੰਦਰ ਦੀ ਤਲੀ ਤੇ ਧਰਦੀ
ਮੁਹੱਬਤ ਦੇ ਸਹਿਰਾ ਚੋਂ ਗੁਜ਼ਰਦੀ
ਹਵਾ ਆਪਣਾ ਪ੍ਰਛਾਵਾਂ ਫੜਦੀ
ਅੱਗ ਦੇ ਗੋਲੇ ਤੇ ਜਿਉਂ ਬੁਲ੍ਹ ਧਰਦੀ
ਕਬਰ ਤੇ ਬੱਤੀ ਕੋਈ
ਬਿਨ ਤੇਲ ਬਲਦੀ
ਇਸ ਤਰ੍ਹਾਂ
ਦੇਹ ਦਾ ਜਦ ਖ਼ੂਹ ਗਿੜਦਾ ਹੈ
ਅੱਖੀਆਂ ਦੀਆਂ ਟਿੰਡਾਂ ਚੋਂ
ਇਕ ਅੱਥਰੂ ਟਪਕਦਾ ਹੈ
ਜਿਸ ਚੋਂ ਸਮੁੰਦਰ ਜਨਮਦਾ ਹੈ

-----

# ਅਧਰਮ ਯੁੱਧ

ਇਕ ਕੁਰੂਕਸ਼ੇਤਰ
ਮੇਰੇ ਅੰਦਰ ਹੈ ਇਕ ਬਾਹਰ ਹੈ
ਦੋਹਾਂ ਦੇ ਵਿਚਕਾਰ ਖੜ੍ਹਾ ਹਾਂ ਮੈਂ
ਹਥਿਆਰ ਚੁੱਕਣ ਦੀ ਦੋਚਿੱਤੀ 'ਚ
ਲਟਕ ਰਿਹਾ ਹਾਂ ਮੈਂ

–0–

ਦੇਖਦਾ ਹਾਂ
ਨਾ ਮੇਰੇ ਅੰਦਰ ਕੋਈ ਆਪਣਾ ਹੈ
ਨਾ ਮੇਰੇ ਬਾਹਰ ਕੋਈ ਆਪਣਾ ਹੈ
ਮੈਂ ਕੁਰੂਕਸ਼ੇਤਰ ਦਾ ਦੁਸ਼ਮਣ ਹਾਂ
ਕੁਰੂਕਸ਼ੇਤਰ ਮੇਰਾ ਦੁਸ਼ਮਣ ਹੈ
ਮੈਂ ਜਿੱਤਾਂ ਜਾਂ ਹਾਰਾਂ
ਕੁਰੂਕਸ਼ੇਤਰ ਜਿੱਤੇ ਜਾਂ ਹਾਰੇ
ਫ਼ਤਹਿ ਤਾਂ ਦੁਸ਼ਮਣ ਦੀ ਹੈ

–0–

ਦੁਸ਼ਮਣ ਹਰ ਯੁੱਗ 'ਚ
ਕੁਰੂਕਸ਼ੇਤਰ ਜਨਮਦਾ ਹੈ
ਕੁਰੂਕਸ਼ੇਤਰ ਹਰ ਯੁੱਗ 'ਚ

ਦੁਸ਼ਮਣ ਜਨਮਦਾ ਹੈ
ਪਰ ਜੋ ਕ੍ਰਿਸ਼ਨ ਹੈ
ਉਹ ਨਾ ਦੁਸ਼ਮਣ
ਨਾ ਕੁਰੂਕਸ਼ੇਤਰ ਜਨਮਦਾ ਹੈ

-0-

ਇਕ ਕੁਰੂਕਸ਼ੇਤਰ
ਮੇਰੇ ਅੰਦਰ ਹੈ ਇਕ ਬਾਹਰ ਹੈ
ਪਰ ਕ੍ਰਿਸ਼ਨਾ
ਨਾ ਅੰਦਰ ਹੈ ਨਾ ਬਾਹਰ ਹੈ
ਕਿਉਂਕਿ ਇਹ ਕੁਰੂਕਸ਼ੇਤਰ
ਦੁਸ਼ਮਣ ਮਾਰ ਕੇ
ਦੁਸ਼ਮਣ ਜਨਮਨ ਦਾ ਵਿਸਥਾਰ ਹੈ

-0-

ਇਸ ਯੁੱਗ 'ਚ
ਕੁਰੁਕਸ਼ੇਤਰ ਨੂੰ ਜਨਮਨ ਵਾਲਾ
ਅਜੋਕਾ ਮਨੁੱਖ ਆਪ ਹੈ
ਜੋ ਉਸ ਬਾਹਰਲੇ ਕੁਰਕੂਕਸ਼ੇਤਰ 'ਚ
ਪਦਾਰਥ ਰੱਬ ਬਣਾਇਆ ਹੈ
ਪਦਾਰਥ ਸਿਮਰਿਆ ਧਿਆਇਆ ਹੈ

ਅੰਦਰਲੇ ਕੁਰੂਕਸ਼ੇਤਰ 'ਚ
ਮਨੁੱਖ ਚੋਂ ਮਨੁੱਖ ਜੋ ਨੁੱਚੜਿਆ ਹੈ
ਪੱਥਰ ਤੋਂ ਰੱਬ ਹੋਏ
ਪੱਥਰ ਦੀ ਮਹਿਮਾਂ ਦਾ ਸਿਲਸਿਲਾ ਹੈ

-0-

ਇਕ ਕੁਰੂਕਸ਼ੇਤਰ
ਮੇਰੇ ਅੰਦਰ ਹੈ ਇਕ ਬਾਹਰ ਹੈ
ਦੋਹਾਂ ਦੇ ਵਿਚਕਾਰ ਖੜ੍ਹਾ ਹਾਂ ਮੈਂ
ਹਥਿਆਰ ਚੁੱਕਣ ਦੀ ਦੋਚਿੱਤੀ 'ਚ
ਲਟਕ ਰਿਹਾ ਹਾਂ ਮੈਂ

-------



ਤੇਰੀ ਗੋਦ ਹੈ ਕੁੱਲੀ ਮੇਰੀ
ਤੇਰਾ ਸ਼ਬਦ ਹੈ ਰੁਜ਼ਗਾਰ ਮੇਰਾ
ਤੇਰੀ ਰਜ਼ਾ ਰਹਿਮਤ
ਨਿਗਾਹ ਹੈ ਖ਼ਜ਼ਾਨਾ ਮੇਰਾ
ਸਿਰਫ਼ ਤੂੰ ਸੱਚ ਹੈਂ ਆਪਣਾ ਹੈਂ
ਬਾਕੀ ਸੰਸਾਰ ਝੂਠਾ ਹੈ ਬੇਗ਼ਾਨਾ ਹੈ

ਚਰਨ ਸਿੰਘ